

ਸੰਵਾਦ-16 (ਜੁਲਾਈ-ਦਸੰਬਰ 2022) ISSN : 2395-1273 **www.sanvad.org**

# ਸਾਹਿਤ-ਸਾਧਨਾ ਦੀ ਆਤਮ-ਕਥਾ

## ਡਾ. ਰਤਨ ਸਿੰਘ ਜੱਗੀ



**ਡਾ.ਸੁਰਜੀਤ ਸਿੰਘ ਭੱਟੀ**
ਸਾਬਕਾ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ
ਪਟਿਆਲਾ
9878823354
bhatti.surjitsingh@gmail.com

ਡਾ. ਰਤਨ ਸਿੰਘ ਜੱਗੀ ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਵਿਚ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ। ਉਨ੍ਹਾਂ ਆਪਣੀ ਸਾਰੀ ਉਮਰ ਗੁਰਬਾਣੀ ਦੀ ਵਿਆਖਿਆ, ਟੀਕਾਕਾਰੀ, ਕੋਸ਼ਕਾਰੀ, ਵਿਸ਼ਵਕੋਸ਼ ਅਤੇ ਹਿੰਦੀ ਸਾਹਿਤ ਵਿਚ ਦਸਮ-ਗ੍ਰੰਥ ਸਾਹਿਬ ਅਤੇ ਤੁਲਸੀ ਦਾਸ ਰਚਿਤ ਰਾਮਾਇਣ ਅਤੇ ਅਨੇਕ ਮੁੱਲਵਾਨ ਪੁਸਤਕਾਂ ਦੇ ਪੰਜਾਬੀ ਵਿਚ, ਹਿੰਦੀ ਵਿਚ ਅਨੁਵਾਦ ਕਰਨ, ਸੰਪਾਦਨ, ਕੋਸ਼ਕਾਰੀ, ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਅਤੇ ਹੋਰ ਅਨੇਕ ਤਰ੍ਹਾਂ ਨਾਲ ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਦੇ ਸਾਹਿਤ ਦੀ ਵਿਆਖਿਆ, ਕੋਸ਼ਕਾਰੀ, ਟੀਕਾਕਾਰੀ ਅਤੇ ਇਤਿਹਾਸਕਾਰੀ ਦੇ ਲੇਖੇ ਲਾ ਦਿੱਤੀ ਹੈ। ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ ਅਤੇ ਤੁਲਸੀ ਦਾਸ ਵੱਲੋਂ ਰਚਿਤ ਰਾਮਾਇਣ ਦਾ ਪੰਜਾਬੀ ਵਿਚ ਅਨੁਵਾਦ ਕਰ ਕੇ, ਉਨ੍ਹਾਂ ਮੱਧਕਾਲੀਨ ਪੰਜਾਬੀ ਸਾਹਿਤ ਦੀ ਅਣਥੱਕ ਅਤੇ ਵਡਮੁੱਲੀ ਸੇਵਾ ਕਰ ਕੇ, ਜਿਉਂਦੇ ਜੀਅ ਆਪਣੇ ਆਪ ਨੂੰ ਅਮਰ ਕਰ ਲਿਆ ਹੈ। ਉਨ੍ਹਾਂ ਦੀ ਸਾਹਿਤ ਸਿਰਜਣਾ ਦਾ ਘੇਰਾ ਇੰਨਾ ਵਿਸ਼ਾਲ ਅਤੇ ਬਹੁਪੱਖੀ ਹੈ ਕਿ ਉਸ ਦਾ ਚਲੰਤ ਵੇਰਵਾ ਦੇਣਾ ਹੀ ਆਪਣੇ ਆਪ ਵਿਚ ਇਕ ਅਚੰਭਾਜਨਕ ਕਾਰਜ ਹੈ।

ਉਨ੍ਹਾਂ ਆਪਣੇ ਜੀਵਨ ਦਾ ਆਰੰਭ ਤਾਂ ਇੱਕ ਪੁਲਿਸ ਦੇ ਸਿਪਾਹੀ ਵਜੋਂ ਸ਼ੁਰੂ ਕੀਤਾ ਪਰੰਤੂ ਉਨ੍ਹਾਂ ਆਪਣੇ ਜੀਵਨ ਦੀ ਸਿਖਰਲੀ ਚੋਟੀ ਤੀਕ ਪਹੁੰਚਦਿਆਂ ਉਹ ਕਲਮ ਦੇ ਸਿਪਾਹੀ ਨਹੀਂ, ਕਲਮ ਦੇ ਧਨੀ ਬਣ ਗਏ। ਡਾ. ਜੱਗੀ ਦਾ ਜੀਵਨ ਹਰ ਮਨੁੱਖ ਦੇ ਜੀਵਨ ਵਾਂਗ ਉਤਰਾਵਾਂ, ਚੜ੍ਹਾਵਾਂ, ਉਦਾਸੀਆ, ਹਾਦਸਿਆਂ ਪ੍ਰਾਪਤੀਆਂ ਕੁਟਿਲ ਨੀਤੀਆਂ ਦੇ ਭਵ-ਸਾਗਰ ਵਿੱਚੋਂ ਗੁਜ਼ਰਦਿਆਂ, ਅੱਜ ਦੇ ਸ਼ਾਹੀ ਮੁਕਾਮ ਤੀਕ ਪਹੁੰਚਿਆ ਹੈ। ਉਰਦੂ ਦਾ ਸ਼ਾਇਰ 'ਸਾਗ਼ਰ' ਸ਼ਾਇਦ ਆਪਣੇ ਜੀਵਨ ਬਾਰੇ ਠੀਕ ਹੀ ਲਿਖਦਾ ਹੈ :

*ਗਰਦਿਸ਼ ਰਹੀ ਨਸੀਬ ਮੇਂ ਯਾ-ਰੱਬ ਤਮਾਮ ਉਮਰ,*
*'ਸਾਗ਼ਰ' ਬਣਾ ਕਰ ਕਿਉਂ ਮੇਰੀ ਮਿੱਟੀ ਖ਼ਰਾਬ ਕੀ।*

ਪਰੰਤੂ ਅਸੀਂ ਜਿਸ ਮਹਾਨ ਲੇਖਕ ਦੀ ਗੱਲ ਕਰ ਰਹੇ ਹਾਂ ਉਹ ਮੁਸੀਬਤਾਂ ਤੋਂ ਡਰਨ ਵਾਲਾ, ਭੱਜਣ ਵਾਲਾ ਜਾਂ ਪਾਸਾ ਵੱਟ ਲੈਣ ਵਾਲਾ 'ਰਤਨ' ਨਹੀਂ ਹੈ ਸਗੋਂ ਮੁਸੀਬਤਾਂ ਨੂੰ ਰਸੂਲ ਹਮਜ਼ਾਤੋਵ ਦੇ ਸ਼ਬਦਾਂ ਵਿਚ 'ਸਾਨ੍ਹ' ਨੂੰ ਸਿੱਧਾ ਸਿੰਗਾਂ ਤੋਂ ਫੜਨ ਵਾਲਾ ਰਤਨ ਸਿੰਘ ਜੱਗੀ ਹੈ। ਆਤਮ-ਕਥਾ ਦਾ ਇਕ-ਇਕ ਅੱਖਰ ਸੁਰਜੀਤ ਪਾਤਰ ਦੇ ਲਿਖਣ ਵਾਂਗ

*'ਅਸਾਂ ਤਾਂ ਡੁੱਬ ਕੇ ਸਦਾ ਖ਼ੂਨ ਵਿਚ ਲਿਖੀ-ਏ ਗ਼ਜ਼ਲ,*
*ਉਹ ਹੋਰ ਹੋਣਗੇ ਜੋ ਲਿਖਦੇ ਨੇ ਬਹਿਰ ਅੰਦਰ।*

ਸਾਹਿਤ-ਸਾਧਕ ਰਿਸ਼ੀ ਦੀ ਇਹ ਪੁਸਤਕ ਪੰਜਾਬੀ ਹੀ ਨਹੀਂ ਕਿਸੇ ਵੀ ਭਾਸ਼ਾ ਜਾਂ ਕਿਸੇ ਹੋਰ ਖੇਤਰ ਵਿਚ ਖੋਜਾਰਥੀ ਬਣਨ ਦੀ ਤਾਂਘ ਰੱਖਣ ਵਾਲੇ ਵਿਅਕਤੀ ਨੂੰ

ਇਸ ਪੁਸਤਕ ਦੇ ਇਕ–ਇਕ ਅੱਖਰ ਦਾ ਪਾਠ ਕਰ ਕੇ ਇਸ ਵਿਚ ਆਪਣੇ ਰਾਹ ਵਿਚ ਆਉਣ ਵਾਲੀਆਂ ਵੰਗਾਰਾਂ, ਮੁਸ਼ਕਿਲਾਂ, ਈਰਖਾਵਾਂ, ਦ੍ਰਿੜਤਾ, ਧੀਰਜ, ਨਿਰੰਤਰ ਕਲਮ-ਸਾਧਨਾ ਅਤੇ ਕਦੇ ਵੀ ਕਿਸੇ ਵੀ ਮੁਸ਼ਕਿਲਾਂ ਭਰੀ ਸਥਿਤੀ ਵਿਚ ਆਪਣੇ ਆਪ ਨੂੰ ਅਡੋਲ ਅਡਿੱਗ ਅਤੇ ਨਿਸ਼ਚੇ ਨਾਲ ਤੁਰਨ ਦਾ ਹੌਂਸਲਾ, ਅਗਵਾਈ, ਪ੍ਰੇਰਣਾ, ਉਤਸ਼ਾਹ ਅਤੇ ਬੇਅੰਤ ਸਿਰੜ ਨਾਲ ਜ਼ਿੰਦਗੀ ਦੇ ਇਸ ਮਾਰਗ ਉਪਰ ਤੁਰਨ ਦੀ ਉਹ ਸ਼ਕਤੀ ਮਿਲੇਗੀ, ਜੋ ਕਿਸੇ ਵੀ ਪਾਠਕ ਦੀ ਸੋਚ ਅਤੇ ਕਲਪਨਾ ਤੋਂ ਕਿਤੇ ਵੱਡੀ ਪਰ ਹਾਸਿਲ ਕਰਨਯੋਗ ਪ੍ਰਾਪਤੀ ਹੋਵੇਗੀ।

ਡਾ. ਜੱਗੀ ਸਿੱਖ ਧਰਮ ਵਿਚ ਸੰਪੂਰਨ ਵਿਸ਼ਵਾਸ ਰੱਖਣ ਵਾਲੇ ਗੁਰੂ ਸਾਹਿਬਾਨ ਦੇ ਨਿਵਾਜੇ ਹੋਏ ਸਿੱਖ ਹਨ ਪਰੰਤੂ ਉਨ੍ਹਾਂ ਦੀ ਕਲਮ ਤੋਂ ਦੂਸਰੇ ਧਰਮਾਂ ਦੀ ਵੀ ਲਾ-ਮਿਸਾਲ ਪ੍ਰਸ਼ੰਸਾ ਕੀਤੀ ਗਈ ਪ੍ਰਾਪਤ ਹੁੰਦੀ ਹੈ। ਪਰੰਤੂ ਗੁਰਬਾਣੀ ਵਿਚ ਅਟੱਲ ਵਿਸ਼ਵਾਸ ਦਾ ਹੀ ਨਤੀਜਾ ਹੈ ਕਿ ਪੁਸਤਕ ਦੇ ਸਮਰਪਣ ਵਿਚ ਹੀ ਉਨ੍ਹਾਂ ਆਪਣੀ ਜੀਵਨ-ਦ੍ਰਿਸ਼ਟੀ ਅਤੇ ਜੀਵਨ ਉਦੇਸ਼ ਨੂੰ ਗੁਰਬਾਣੀ ਦੀ ਇਸ ਮਹਾਨ ਤੁਕ ਨਾਲ ਆਪਣੇ ਆਪ ਨੂੰ ਤੇ ਆਪਣੀ ਸਾਰੀ ਕੀਤੀ ਸਾਹਿਤ-ਘਾਲਣਾ ਨੂੰ, ਗੁਰੂ ਦੀ ਮਿਹਰ ਅਤੇ ਨਦਰਿ ਨੂੰ ਸਮਰਪਿਤ ਕਰਦਿਆਂ ਗੁਰਬਾਣੀ ਦੀ ਇਸ ਤੁਕ ਦੀ ਓਟ ਲਈ ਹੈ :

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*

ਗੁਰਬਾਣੀ ਵਿਚ 'ਨਦਰਿ' ਦਾ ਸੰਕਲਪ, ਗੁਰੂ ਨਾਨਕ ਪਾਤਿਸ਼ਾਹ ਦਾ ਸੰਸਾਰ ਧਰਮਾਂ ਨੂੰ ਪ੍ਰਦਾਨ ਕੀਤਾ ਗਿਆ ਇੱਕ ਮੌਲਿਕ ਅਤੇ ਨਵਾਂ ਸੰਕਲਪ ਹੈ। ਦੁਨੀਆਂ ਭਰ ਦੇ ਧਰਮਾਂ ਵਿਚ ਆਪਣੇ ਇਸ਼ਟ ਦੀ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਮਾਰਗ ਨਿਰਧਾਰਤ ਕੀਤੇ ਗਏ ਹਨ। ਇਨ੍ਹਾਂ ਨੂੰ ਅਸੀਂ ਸਾਧਨਾ-ਮਾਰਗ ਦੇ ਸੰਕਲਪ ਹੇਠ ਵਿਚਾਰਦੇ ਹਾਂ। ਧਰਮਾਂ ਦੇ ਇਤਿਹਾਸ ਵਿਚ ਕਿੰਨੇ ਹੀ ਤਰ੍ਹਾਂ ਦੇ ਜਪਾਂ, ਤਪਾਂ, ਸਰੀਰ ਨੂੰ ਵੱਖ–ਵੱਖ ਤਰ੍ਹਾਂ ਦੇ ਕਸ਼ਟ ਦੇ ਕੇ ਜਾਂ ਹੋਰ ਬਹੁਤ ਸਾਰੇ ਕਰਮ ਕਾਂਡ ਕਰਕੇ ਆਪਣੇ ਇਸ਼ਟ ਦੀ ਪ੍ਰਾਪਤੀ ਦੇ ਵੱਖਰੇ–ਵੱਖਰੇ ਸਾਧਨਾ ਮਾਰਗ ਨਿਰਧਾਰਤ ਕੀਤੇ ਮਿਲਦੇ ਹਨ। ਪਰੰਤੂ ਸਾਡੀ ਤੁੱਛ ਬੁੱਧੀ ਅਨੁਸਾਰ ਇਨ੍ਹਾਂ ਸਾਰੀਆਂ ਕ੍ਰਿਆਵਾਂ ਵਿਚ ਸਾਧਕ ਆਪਣੇ ਆਪ ਨੂੰ 'ਕਰਤਾ' ਦੀ ਭਾਵਨਾ ਰੱਖਣ ਕਾਰਣ ਇਕ ਸੂਖ਼ਮ ਹਉਮੈ 'ਮੈਂ' ਇਸ਼ਟ ਨੂੰ ਪ੍ਰਾਪਤ ਕੀਤਾ ਦਾਂ ਸ਼ਿਕਾਰ ਹੋ ਜਾਂਦਾ ਹੈ। ਗੁਰਬਾਣੀ ਵਿਚ 'ਹਉਮੈ' ਲਈ, ਭਾਵੇਂ ਉਹ ਕਿਸੇ ਵੀ ਉੱਚੇ ਜਾਂ ਸੁੱਚੇ ਆਦਰਸ਼ ਲਈ ਕੀਤੀ ਗਈ ਹੋਵੇ, ਕੋਈ ਥਾਂ ਨਹੀਂ। ਜਿੱਥੇ 'ਮੈਂ' ਹੈ, ਉੱਥੇ ਤੂੰ ਨਹੀਂ ਹੁੰਦਾ। ਗੁਰਬਾਣੀ ਦਾ ਸਪੱਸ਼ਟ ਫ਼ੁਰਮਾਨ ਹੈ :

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥*

ਉਨ੍ਹਾਂ ਦਾ ਗੁਰਬਾਣੀ ਅਤੇ ਗੁਰੂ ਸਾਹਿਬਾਨ ਨੂੰ ਕੀਤਾ ਆਪਾ ਸਮਰਪਣ ਮਹਿਜ਼ ਦਿਖਾਵੇ ਦੀ ਨਿਮਰਤਾ ਵਿਚੋਂ ਨਹੀਂ ਉਪਜਿਆ। ਉਨ੍ਹਾਂ ਆਪਣੀ ਕਲਮ ਨਾਲ ਲਿਖਿਆ ਹਰ ਅੱਖਰ ਗੁਰਬਾਣੀ ਅਤੇ ਗੁਰ–ਜੋਤਿ ਦੇ ਨਾਲ ਨਾਲ, ਪੰਜਾਬੀ ਪਿਆਰਿਆਂ ਨੂੰ ਬੜੀ ਸ਼ਰਧਾ ਤੇ ਪ੍ਰੇਮ ਨਾਲ ਭੇਟ ਕੀਤਾ ਹੈ।

ਗੁਰਬਾਣੀ ਜੋਤਿਸ਼, ਜਾਦੂ–ਟੂਣੇ, ਤੰਤਰ–ਮੰਤਰ ਅਤੇ ਦੰਭੀ ਪੰਡਿਤਾਂ ਵੱਲੋਂ ਦੱਸੇ ਰਾਸ਼ੀ ਫਲਾਂ ਅਤੇ ਉਪਾਵਾਂ ਵਿਚ ਕੋਈ ਵੀ ਯਕੀਨ ਨਹੀਂ ਬੰਨਾਉਂਦੀ। ਸਗੋਂ ਗੁਰਬਾਣੀ ਤਾਂ ਸਤਿ ਦਾ ਸੰਦੇਸ਼ ਦਿੰਦਿਆਂ ਪਰਮਾਤਮਾ ਵੱਲੋਂ ਸਾਜੇ ਗਏ ਹਰ ਮਾਹ, ਮੂਰਤ, ਘੜੀ, ਪਲ ਨੂੰ ਉਸ ਦਾਤੇ ਦੀ ਸਿਰਜਣਾ ਸਮਝਦਿਆਂ, ਸ਼ਗਨ/ਅਪਸ਼ਗਨ ਦੇ ਵਿਚਾਰ ਨੂੰ ਰੱਦ ਕਰਦੀ ਹੈ।

ਜੱਗੀ ਸਾਹਿਬ ਲਿਖਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ (ਸ੍ਰੀ ਲੋੜੀਂਦਾ ਮੱਲ ਜੱਗੀ) 19 ਜੁਲਾਈ, 1927 ਨੂੰ ਮੇਰੇ ਪੈਦਾ ਹੋਣ ਤੋਂ ਬਾਅਦ, ਉਸ ਇਲਾਕੇ ਦੇ ਪ੍ਰਸਿੱਧ ਨਗਰ ਸੰਤਪੁਰੇ ਲੈ ਗਏ ਅਤੇ ਮੇਰਾ ਨਾਮ ਰੱਖਣ ਦੀ ਬੇਨਤੀ ਕੀਤੀ। ਨਾਮ ਰੱਖਣ ਲਈ ਡੇਰੇ ਦੇ ਨਿਰਮਲੇ ਸੰਚਾਲਕ ਸੰਤ ਸੁੱਚਾ ਸਿੰਘ ਨੇ ਵਾਕ ਲਿਆ। ਵਾਕ ਵਿਚ ਪਹਿਲਾ ਅੱਖਰ 'ਰ' ਨਿਕਲਣ ਤੇ ਸੰਤ ਜੀ ਨੇ ਮੇਰਾ ਨਾਂ ਰਤਨ ਸਿੰਘ ਰੱਖ ਦਿੱਤਾ। 'ਰ' ਅੱਖਰ ਕਾਰਨ ਰਤਨ ਸਿੰਘ ਨਾਮ ਬਾਰੇ ਮੇਰੇ ਪਿਤਾ ਜੀ ਨੇ ਸੰਤਾਂ ਨੂੰ ਬੜੀ ਆਜਜ਼ੀ ਨਾਲ ਪੁੱਛਿਆ ਕਿ ਇਹ ਨਾਂ ਦਾ ਹੀ ਰਤਨ ਰਹੇਗਾ ਕਿ ਕੁਝ ਚਮਕੇਗਾ ਵੀ। ਸੰਤ ਜੀ ਨੇ ਪ੍ਰਸੰਨਚਿੱਤ ਹੋ ਕਿਹਾ ਕਿ ਲੋੜੀਂਦਾ ਮੱਲ ਜੀ, ਇਹ ਭੇਦ ਵਕਤ ਸਿਰ ਖੁੱਲ੍ਹੇਗਾ।[1]

ਸੰਤ ਬਾਬਾ ਸੁੱਚਾ ਸਿੰਘ ਦਾ ਭਵਿੱਖੀ ਵਾਕ ਅੱਖਰ–ਅੱਖਰ ਸਿੱਧ ਹੋਇਆ। ਅੱਜ ਸਾਹਿਤ, ਸਾਹਿਤ-ਖੋਜ, ਗੁਰਬਾਣੀ, ਮੱਧਕਾਲੀਨ ਭਗਤੀ ਕਾਵਿ ਆਦਿ ਤਕਰੀਬਨ ਹਰ ਕਾਲ ਅਤੇ ਹਰ ਸਾਹਿਤ–ਰੂਪ ਉਪਰ ਡਾ. ਜੱਗੀ ਨੇ ਇੰਨਾ ਜ਼ਿਆਦਾ ਕੰਮ ਕੀਤਾ ਹੈ ਕਿ ਕਿਤਾਬਾਂ/ਪ੍ਰਕਾਸ਼ਨਾਵਾਂ ਦੇ ਨਾਮ ਨਾਲ ਅਤੇ ਸਨਮਾਨਾਂ ਦੀ ਸੂਚੀ ਨਾਲ ਹੀ ਸਾਡੇ ਲੇਖ, ਦੇ 15 ਸਫ਼ੇ ਭਰ ਜਾਣਗੇ। ਡਾ. ਜੱਗੀ ਦਾ ਨਾਮ ਹਰ ਖੇਤਰ, ਹਰ ਯੂਨੀਵਰਸ਼ਿਟੀ ਅਤੇ ਸਮੁੱਚੇ

ਪੰਜਾਬ ਵਿਚ ਪੰਜਾਬੀ ਬੋਲੀ ਲਈ ਕੀਤੇ ਉਨ੍ਹਾਂ ਦੇ ਖੋਜ ਕਾਰਜਾਂ ਤੇ ਉੱਤਰੀ ਭਾਰਤ ਵਿਚ ਗੋਸਵਾਮੀ ਤੁਲਸੀ ਦਾਸ ਦੀ 'ਰਾਮਾਇਣ' ਅਤੇ ਭਗਤੀ-ਕਾਵਿ, ਦਸਮ ਗ੍ਰੰਥ ਬਾਰੇ ਕੀਤੇ ਖੋਜ ਕਾਰਜ ਲਈ ਧਰੂ ਤਾਰੇ ਵਾਂਗ ਚਮਕਦਾ ਹੈ। ਉਹ ਸਾਹਿਤ ਦੇ ਰਤਨ ਹੀ ਨਹੀਂ ਰਤਨਾਂ ਦੇ 'ਰਤਨ' ਬਣਨ ਦਾ ਸੁਭਾਗ ਪ੍ਰਾਪਤ ਕਰ ਚੁੱਕੇ ਹਨ। ਭਾਵੇਂ ਇੰਨੇ ਕੱਦਾਵਾਰ ਲੇਖਕ ਦੇ ਜੀਵਨ ਦੀ ਇਕ ਇਕ ਘਟਨਾ ਬਾਰੇ ਅੱਗੇ ਖੋਜ ਪੱਤਰ ਲਿਖੇ ਜਾ ਸਕਦੇ ਹਨ। ਪਰੰਤੂ ਮੇਰੇ ਸਾਹਵੇਂ ਸਮੱਸਿਆ ਇਹ ਹੈ ਕਿ ਵਿਬੇਕ ਬੁੱਧ ਵਾਲੇ ਪਾਠਕ ਉਹ ਹੁੰਦੇ ਹਨ ਜੋ ਹੰਸ ਦੇ ਦੁੱਧ ਵਿਚ ਚੁੰਝ ਪਾਉਣ ਨਾਲ, ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਤਾਰਨ ਦੇ ਸਮਰੱਥ ਹੁੰਦੇ ਹਨ। ਪਰ ਮੇਰੀ ਸਮੱਸਿਆ ਇਹ ਹੈ ਕਿ ਮੇਰੇ ਕੋਲ ਨਾ ਤਾਂ ਹੰਸ-ਬੁੱਧ ਬਿਬੇਕ ਹੈ ਅਤੇ ਨਾ ਹੀ ਡਾ. ਜੱਗੀ ਦੀ ਰਚਨਾ 'ਦੁੱਧ' ਅਤੇ ਸੁਧਾ ਦੁੱਧ ਹੋਣ ਕਾਰਣ, ਇਸ ਵਿਚੋਂ ਪਾਣੀ ਅਲੱਗ ਕਰਨ ਦਾ ਕੋਈ ਤਰੀਕਾ ਲਾਗੂ ਹੁੰਦਾ ਹੈ।

ਇੰਨੇ ਵੱਡੇ ਵਿਦਵਾਨ ਹੋਣ ਦੇ ਬਾਵਜੂਦ ਮੈਂ ਉਨ੍ਹਾਂ ਦੀ ਰਿਸ਼ੀਆਂ ਵਰਗੀ ਸ਼ਖ਼ਸੀਅਤ ਅਤੇ ਫ਼ਕੀਰਾਨਾ ਨਿਮਰਤਾ ਬਾਰੇ ਦੋ ਗੱਲਾਂ ਸਾਂਝੀਆਂ ਕਰਨ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਦਾ। ਸ਼ਾਇਰ ਅਤੇ ਖੋਜੀ ਲੋਕ ਖ਼ਾਸ ਕਰਕੇ ਉੱਚ ਦੁਮਾਲੜੇ ਲੋਕ ਦੁਨੀਆਂ ਦੀ ਨਜ਼ਰ ਵਿਚ ਉਹ 'ਸਰੀਰ' ਹੀ ਹੁੰਦੇ ਹਨ ਪਰੰਤੂ ਆਪਣੇ ਧੁਰ ਉਹ ਫ਼ਕੀਰ ਹੀ ਹੁੰਦੇ ਹਨ। ਸੰਸਾਰ ਦੇ ਵੱਡੇ ਸ਼ਾਇਰ ਮਿਰਜ਼ਾ ਗ਼ਾਲਿਬ ਦਾ ਸ਼ਿਅਰ ਹੈ :

*ਬਨਾ ਕਰ ਫ਼ਕੀਰ ਕਾ ਹਮ ਭੇਸ ਗ਼ਾਲਿਬ*
*ਤਮਾਸ਼ਾ-ਇ-ਅਹਿਲ-ਇ-ਕਰਮ ਦੇਖਤੇ ਹੈਂ।*

ਡਾ. ਜੱਗੀ ਹੁਰਾਂ ਆਪਣੀ ਜ਼ਿੰਦਗੀ ਦਾ ਇਕ ਇਕ ਸਾਹ ਸਾਹਿਤ ਅਤੇ ਗੁਰਬਾਣੀ ਦੀ ਖੋਜ ਨੂੰ ਪੂਰੀ ਤਰ੍ਹਾਂ ਸਮਰਪਿਤ ਕੀਤਾ ਹੋਇਆ ਹੈ। ਉਨ੍ਹਾਂ ਦੀ ਨਿਮਰਤਾ ਦਾ ਇਕ ਹਵਾਲਾ ਸਾਂਝਾ ਕਰਦਾ ਹਾਂ। ਅਸੀਂ ਪਹਿਲਾਂ ਵੀ ਲਿਖ ਚੁੱਕੇ ਹਾਂ ਕਿ ਡਾ. ਜੱਗੀ ਨੇ ਜੋ ਵੀ ਖੋਜ ਕਾਰਜ ਕੀਤਾ, ਉਹ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਨਹੀਂ, ਸਗੋਂ ਇਸ ਲਈ 'ਗੁਰੂ-ਕ੍ਰਿਪਾ' ਨੂੰ ਹੀ ਸਾਰਾ ਮਾਣ ਦਿੱਤਾ ਹੈ। 'ਗੁਰੂ ਗ੍ਰੰਥ ਵਿਸ਼ਵਕੋਸ਼' ਡਾ. ਜੱਗੀ ਦੀ ਪੰਜਾਬੀ ਭਾਸ਼ਾ, ਗੁਰਬਾਣੀ ਅਤੇ ਸੰਸਾਰ ਭਰ ਵਿਚ ਫੈਲੇ ਸਿੱਖ ਭਾਈਚਾਰੇ ਲਈ ਇਕ ਮਹਾਨ ਦੇਣ ਹੈ। ਗੁਰੂ ਗ੍ਰੰਥ ਸਾਹਿਬ ਬਾਰੇ ਉਨ੍ਹਾਂ ਦੇ ਵਿਚਾਰਾਂ ਨੂੰ ਪੜ੍ਹ ਕੇ, ਡਾ. ਜੱਗੀ ਦੀ ਧਰਮ-ਨਿਰਪੱਖ ਉਦਾਰਵਾਦੀ-ਦ੍ਰਿਸ਼ਟੀ, ਸਰਵ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਵਾਲੀ ਜੀਵਨ-ਦ੍ਰਿਸ਼ਟੀ ਸਪੱਸ਼ਟ ਰੂਪ ਵਿਚ ਪਾਠਕਾਂ ਦੇ ਸਾਹਮਣੇ ਉਜਾਗਰ ਹੋ ਜਾਂਦੀ ਹੈ। ਆਪ ਜੀ ਲਿਖਦੇ ਹਨ, 'ਗੁਰੂ ਗ੍ਰੰਥ ਸਾਹਿਬ ਭਾਰਤੀ ਸੰਸਕ੍ਰਿਤੀ ਦਾ ਗੌਰਵ-ਗ੍ਰੰਥ ਹੈ। ਇਹ ਇਕ ਸਰਬ-ਸਾਂਝਾ ਗ੍ਰੰਥ ਹੈ ਜਿਸ ਵਿਚ ਕਿਸੇ ਇਕ ਫਿਰਕੇ ਧਰਮ, ਸੰਸਥਾ ਜਾਂ ਸਾਧਨਾ ਸੰਬੰਧੀ ਸ਼ੁਭ ਬਚਨ ਹੀ ਦਰਜ ਨਹੀਂ ਹੋਏ, ਸਗੋਂ ਮਨੁੱਖਤਾ ਦੇ ਕਲਿਆਣ ਲਈ ਹਰ ਸਾਧਕ ਦੀ ਬਾਣੀ ਨੂੰ, ਬਿਨਾਂ ਮਜ਼੍ਹਬੋਮਿੱਲਤ, ਸੰਪ੍ਰਦਾਇਕ ਵਿਥ ਵਿਤਕਰੇ ਦੇ ਸਥਾਨ ਦਿੱਤਾ ਗਿਆ ਹੈ ਜੋ ਸੰਸਾਰਿਕਤਾ ਵਿਚ ਗ੍ਰਸੇ ਮਨੁੱਖ ਨੂੰ ਮੰਗਲਮਈ ਸੰਦੇਸ਼ ਦੇ ਕੇ ਪਰਮ-ਆਨੰਦ ਦੀ ਪ੍ਰਾਪਤੀ ਲਈ ਪ੍ਰੇਰਨਾ ਅਤੇ ਉਤਸ਼ਾਹ ਦੇ ਸਕੇ।'

ਵਿਸ਼ਵਕੋਸ਼ ਤਿਆਰ ਕਰਨੇ ਸੌਖੇ ਨਹੀਂ ਹੁੰਦੇ। ਇਸ ਬਿਖੜੇ ਕਾਰਜ ਲਈ ਸਿਰ ਸੁੱਟ ਕੇ ਕੰਮ ਕਰਨ ਵਾਲੇ ਸਿਰੜੀ ਖੋਜੀਆਂ ਦੀ ਟੀਮ, ਸਹਾਇਕਾਂ ਦਾ ਸਮੂਹ ਅਤੇ ਬੜੀ ਵੱਡੀ ਆਰਥਿਕ ਸਹਾਇਤਾ ਦੀ ਲੋੜ ਹੁੰਦੀ ਹੈ। ਜਿਹੜਾ ਕੰਮ ਸੰਸਥਾਵਾਂ ਨਹੀਂ ਕਰਵਾ ਸਕਦੀਆਂ, ਅਜਿਹੇ ਬਿਖੜੇ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਹਿੰਮਤ, ਲਗਨ ਅਤੇ ਦ੍ਰਿੜ੍ਹਤਾ ਦੇ ਨਾਲ-ਨਾਲ ਆਰਥਿਕ ਪੱਖ ਨੂੰ ਵੀ ਧਿਆਨ ਵਿਚ ਰੱਖ ਕੇ ਜੱਗੀ ਸਾਹਿਬ ਨੇ 'ਗੁਰੂ ਗ੍ਰੰਥ ਵਿਸ਼ਵ ਕੋਸ਼' ਨੂੰ ਪ੍ਰਕਾਸ਼ਿਤ ਕਰਵਾ ਕੇ ਗੁਰਮਤਿ, ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਪੱਧਰੀ ਬਾਣੀ ਦੀ ਰੋਸ਼ਨੀ ਘਰ ਘਰ ਪਹੁੰਚਾਉਣ ਦਾ ਉੱਦਮ ਨੇਪਰੇ ਚਾੜ੍ਹਿਆ ਹੈ। ਇਸ ਕੰਮ ਵਿਚ ਆਈਆਂ ਔਕੜਾਂ ਅਤੇ ਥੁੜਾਂ ਦਾ ਜ਼ਿਕਰ ਕਰਦਿਆਂ ਆਪ ਲਿਖਦੇ ਹਨ, 'ਪਰ ਗੁਰਮਤਿ ਸਾਹਿਤ ਅਤੇ ਪੰਜਾਬੀ ਵਿਚ ਅਜਿਹੇ ਪ੍ਰੋਜੈਕਟਾਂ ਉੱਤੇ ਕੰਮ ਕਰਨ ਵਾਲੇ ਵੱਚਨਬੱਧ ਵਿਦਵਾਨਾਂ ਦੀ ਬੜੀ ਘਾਟ ਹੈ। ਇਸ ਅਭਾਵ ਦੀ ਸਥਿਤੀ ਵਿਚ ਕੋਈ ਅਰਥ-ਪੂਰਨ ਕੰਮ ਕਰਨਾ ਬਿਨਾਂ ਈਸ਼ਵਰੀ ਕ੍ਰਿਪਾ ਦੇ ਸੰਭਵ ਨਹੀਂ ਹੈ ਅਤੇ ਮੈਂ ਜੋ ਕੁਝ ਕੀਤਾ ਹੈ ਬਸ ਕੇਵਲ ਈਸ਼ਵਰੀ ਕ੍ਰਿਪਾ ਕਰਕੇ ਹੀ ਕੀਤਾ ਹੈ। ਸੱਚ ਤਾਂ ਇਹ ਹੈ ਕਿ ਪਰਮ-ਸੱਤਾ ਨੇ ਕ੍ਰਿਪਾ ਕਰਕੇ ਮੇਰੇ ਤੋਂ ਇਹ ਕੰਮ ਕਰਾਇਆ ਹੈ, 'ਹਉ ਆਪਹੁ ਬੋਲ ਨ ਜਾਣਦਾ ਮੈ ਕਹਿਆ ਸਭ ਹੁਕਮਾਉ ਜੀਉ ॥' ਇਹ ਹੈ ਨਿਮਰਤਾ ਦੀ ਸਿਖਰ ਅਤੇ ਪਰਮ ਸੱਤਾ ਅਤੇ ਗੁਰੂ ਗ੍ਰੰਥ ਸਾਹਿਬ ਲਈ ਅਪਾਰ ਸ਼ਰਧਾ ਜੋ ਡਾ. ਜੱਗੀ ਦੇ ਜੀਵਨ ਦਾ ਹਿੱਸਾ ਹੈ। ਡਾ. ਜੱਗੀ ਦੁਆਰਾ ਕੀਤੇ ਗਏ ਖੋਜ ਕਾਰਜਾਂ ਦੀ ਸੂਚੀ ਬੜੀ ਲੰਬੀ ਹੈ। ਉਨ੍ਹਾਂ ਦੁਆਰਾ ਸੰਪੂਰਨ ਕੀਤਾ ਕੋਈ ਵੀ ਖੋਜ ਪ੍ਰਾਜੈਕਟ ਅਜਿਹਾ ਨਹੀਂ ਜਿਸ ਦੀ ਅਖ਼ਬਾਰਾਂ ਵਿਚ ਵਿਅਕਤੀਗਤ ਵਿਦਵਾਨਾਂ ਦੁਆਰਾ ਕੀਤੀਆਂ ਟਿੱਪਣੀਆਂ, ਪੰਜਾਬੀ ਆਲੋਚਨਾ ਅਤੇ ਖੋਜ ਨਾਲ ਜੁੜੇ ਪ੍ਰੌੜ੍ਹ ਵਿਦਵਾਨਾਂ ਵੱਲੋਂ ਵੱਖ-ਵੱਖ ਵਿਦਵਾਨਾਂ

ਦੇ ਖ਼ਤਾਂ ਰਾਹੀਂ ਇਨ੍ਹਾਂ ਸਾਰੇ ਪ੍ਰਾਜੈਕਟਾਂ ਦੀ ਰੱਜਵੀਂ ਅਤੇ ਬਣਦੀ ਪ੍ਰਸ਼ੰਸਾ ਨਾ ਕੀਤੀ ਗਈ ਹੋਵੇ। ਉਨ੍ਹਾਂ ਦੇ ਜੀਵਨ-ਵੇਰਵੇ, ਉਤਕ੍ਰਿਸ਼ਨ ਖੋਜ ਪ੍ਰਾਜੈਕਟਾਂ, ਖੋਜ ਪੁਸਤਕਾਂ ਅਤੇ ਉਨ੍ਹਾਂ ਵੱਲੋਂ ਸੰਪਾਦਿਤ ਅਤੇ ਅਨੁਵਾਦਿਤ ਖੋਜ-ਕਾਰਜਾਂ ਦੀ ਸੂਚੀ ਬਹੁਤ ਲੰਬੀ ਹੈ। ਫਿਰ ਵੀ ਆਉਣ ਵਾਲੇ ਨਵੇਂ ਖੋਜੀਆਂ ਲਈ ਇਸ ਭੰਡਾਰ ਦੀ ਸੂਚਨਾ ਸਾਂਝੀ ਕਰਨੀ ਵੀ ਲਾਭਦਾਇਕ ਰਹੇਗੀ।

ਆਪ ਦਾ ਨਾਂ ਡਾ. ਰਤਨ ਸਿੰਘ ਜੱਗੀ ਹੈ। ਆਪ ਦਾ ਜਨਮ 27 ਜੁਲਾਈ, 1927 (ਮੂਲ ਰੂਪ ਵਿਚ 19 ਜੁਲਾਈ, 1927) ਨੂੰ ਹੋਇਆ। ਆਪ ਦੀ ਸੁਪਤਨੀ ਦਾ ਨਾਮ ਡਾ. ਗੁਰਸ਼ਰਨ ਕੌਰ ਜੱਗੀ ਹੈ। ਆਪ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ। ਵੱਡਾ ਬੇਟਾ ਵਰਿੰਦਰ ਸਿੰਘ ਰੱਬ ਨੂੰ ਪਿਆਰਾ ਹੋ ਗਿਆ। ਛੋਟਾ ਬੇਟਾ ਮਾਲਵਿੰਦਰ ਸਿੰਘ ਜੱਗੀ ਆਈ.ਏ.ਐਸ. ਅਫ਼ਸਰ ਹੈ। ਪਤਾ 4193, ਅਰਬਨ ਅਸਟੇਟ, ਫੇਜ਼-2, ਪਟਿਆਲਾ 147002 ਹੈ। ਅੱਜ ਕਲ੍ਹ ਆਪ ਪੰਜਾਬੀ ਯੂਨੀਵਰਸ਼ਿਟੀ, ਪਟਿਆਲਾ ਦੇ ਆਜੀਵਨ ਫੈਲੋ ਹਨ। ਆਪ ਦੀ ਵਿਦਿਅਕ ਯੋਗਤਾ ਵੀ ਹੈਰਾਨੀਜਨਕ ਹੈ। ਆਪ ਨੇ ਐਮ.ਏ. ਪੰਜਾਬੀ, ਹਿੰਦੀ, ਜੇ.ਡੀ. (ਡਿਪਲੋਮਾ ਇਨ ਜਰਨਲਿਜ਼ਮ), ਬੀ.ਏ. ਪਰਸ਼ੀਅਨ (ਵਧੀਕ), ਬੀ.ਏ. ਸੰਸਕ੍ਰਿਤ (ਵਧੀਕ), ਗਿਆਨੀ ਅਤੇ ਪ੍ਰਭਾਕਰ।

### ਖੋਜ ਯੋਗਤਾਵਾਂ

1. ਪੀ-ਐਚ.ਡੀ – ਦਸਮ ਗ੍ਰੰਥ ਵਿਚਲੀਆਂ ਪੌਰਾਣਿਕ ਕ੍ਰਿਤੀਆਂ ਦਾ ਅਲੋਚਨਾਤਮਿਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1962 (ਪ੍ਰਕਾਸ਼ਿਤ)।
2. ਡੀ.ਲਿਟ. – ਗੁਰੂ ਨਾਨਕ ਵਿਅਕਤਿਤਵ, ਕ੍ਰਿਤਿਤਵ ਅਤੇ ਚਿੰਤਨ, ਮਗਧ ਯੂਨੀਵਰਸ਼ਿਟੀ, ਬੋਧ ਗਯਾ 1937 (ਪ੍ਰਕਾਸ਼ਿਤ)

### ਸਨਮਾਨ ਵਜੋਂ ਡਿਗਰੀਆਂ

1. ਡੀ.ਲਿਟ. (Honoris Causa) ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ 20-03-2014.
2. ਡੀ.ਲਿਟ. (Honoris Causa) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮਿਤੀ 11-03-2015.

### ਤਜਰਬਾ

1. ਅਧਿਆਪਨ ਅਤੇ ਖੋਜ 52 ਸਾਲ।
2. ਆਜੀਵਨ ਫੈਲੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2012 ਤੋਂ

### ਖੋਜ ਅਤੇ ਨਿਰਦੇਸ਼ਨ

1963 ਤੋਂ ਐਮ.ਏ., ਐਮ.ਫਿਲ, ਐਮ. ਲਿਟ. ਅਤੇ ਪੀ-ਐੱਚ.ਡੀ. ਦੇ ਅਨੇਕ ਵਿਦਿਆਰਥੀਆਂ ਦੀ ਅਗਵਾਈ ਕੀਤੀ।[2]

### ਸੰਪਾਦਨ ਤਜ਼ਰਬਾ

10 ਸਾਲ ਯੂਨੀਵਰਸਿਟੀ ਦੀ 'ਖੋਜ-ਪਤ੍ਰਿਕਾ' ਦਾ ਸੰਪਾਦਨ ਅਤੇ ਪੰਜਾਬੀ ਯੂਨੀਵਰਸਿਟੀ ਦੀਆਂ ਪਤ੍ਰਿਕਾਵਾਂ ਦੇ ਸੰਪਾਦਕੀ ਬੋਰਡ ਦੇ ਮੈਂਬਰ।

### ਵਿਸ਼ੇਸ਼ਗਤਾ

1. ਪੰਜਾਬੀ ਅਤੇ ਹਿੰਦੀ ਦੀ ਮੱਧਕਾਲੀਨ ਸਾਹਿਤ ਅਤੇ ਭਗਤੀ ਅੰਦੋਲਨ ਸੰਬੰਧੀ ਸਾਹਿਤ।
2. ਸਿੱਖ ਧਰਮ ਗ੍ਰੰਥ।
3. ਭਗਤੀ ਕਾਵਿ-ਸ਼ਾਸਤਰ

## ਪ੍ਰਕਾਸ਼ਨਾਵਾਂ ਦੀ ਸੂਚੀ

| | |
|---|---|
| ਕੁਲ ਪੁਸਤਕਾਂ | 144 |
| ਪੰਜਾਬੀ ਪੁਸਤਕਾਂ | 061 |
| ਵਿਸ਼ਵਕੋਸ਼/ਸਾਹਿਤ ਕੋਸ਼ | 011 |
| ਟੀਕਾ/ਵਿਆਖਿਆਵਾਂ | 030 |
| ਅਨੁਕ੍ਰਮਣਿਕਾ/ਕੋਸ਼ | 004 |
| ਅਨੁਵਾਦ | 007 |
| ਹਿੰਦੀ ਪੁਸਤਕਾਂ | 008 |
| ਅੰਗ੍ਰੇਜ਼ੀ ਪੁਸਤਕਾਂ | 003 |
| 'ਖੋਜ ਪਤ੍ਰਿਕਾ' ਸੰਪਾਦਨ | 020 |
| ਖੋਜ ਪੱਤਰ, ਲੇਖ, ਰੇਡੀਓ ਵਾਰਤਾਵਾਂ | 168 |
| ਪੱਤਰ ਵਿਹਾਰ ਪਾਠ | 058 |

ਆਪ ਜੀ ਵੱਲੋਂ ਘਾਲੀ ਗਈ ਗੌਰਵਸ਼ੀਲ ਸਾਹਿਤਕ ਘਾਲਣਾ ਨੂੰ ਪ੍ਰਵਾਨ ਕਰਦਿਆਂ ਪੰਜਾਬੀ ਅਤੇ ਪੰਜਾਬੋਂ ਬਾਹਰ ਦੇ ਪਾਰਖੂਆਂ ਨੇ ਆਪ ਨੂੰ 26 ਪੁਰਸਕਾਰਾਂ/ਸਨਮਾਨਾਂ ਨਾਲ ਸਨਮਾਨਿਤ ਕਰਨ ਦਾ ਮਾਣ ਹਾਸਿਲ ਕੀਤਾ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਸਨਮਾਨਾਂ ਦਾ ਜ਼ਿਕਰ ਹੀ ਕਾਫ਼ੀ ਹੋਵੇਗਾ।

1. ਪੰਜਾਬੀ ਸਾਹਿਤ ਰਤਨ ਪੁਰਸਕਾਰ, ਭਾਸ਼ਾ ਵਿਭਾਗ, (ਪੰਜਾਬ ਸਰਕਾਰ) 1996.
2. ਸੌਹਾਰਦ ਪੁਰਸਕਾਰ, ਹਿੰਦੀ ਸੰਸਥਾਨ, ਲਖਨਊ (ਉੱਤਰ ਪ੍ਰਦੇਸ਼ ਸਰਕਾਰ)।
3. ਅਨੁਵਾਦ ਪੁਰਸਕਾਰ (ਤੁਲਸੀ ਰਾਮਾਇਣ), ਸਾਹਿਤ ਅਕਾਦਮੀ, ਨਿਊ ਦਿੱਲੀ, 1989 (ਰਾਸ਼ਟਰੀ ਪੁਰਸਕਾਰ)
4. ਅੱਠ ਪੁਸਤਕਾਂ ਉੱਪਰ ਭਾਸ਼ਾ ਵਿਭਾਗ ਵੱਲੋਂ ਪ੍ਰਥਮ ਪੁਰਸਕਾਰ।[3]
5. ਧਾਲੀਵਾਲ ਪੁਰਸਕਾਰ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1999.
6. ਆਜੀਵਨ ਫੈਲੋਸ਼ਿਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
7. ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
8. ਸਨਮਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਸਥਾਪਨਾ ਦਿਵਸ, 2013.
9. ਸਨਮਾਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ 14-10-2015.
10. ਸ੍ਰੀ ਗੁਰੂ ਨਾਨਕ ਦੇਵ ਜੀ ਅਚੀਵਰਜ਼ ਐਵਾਰਡ, ਪੰਜਾਬ ਸਰਕਾਰ, 2019.

ਉਪਰੋਕਤ ਸਨਮਾਨਾਂ ਤੋਂ ਬਿਨਾਂ ਆਪ ਦਾ ਕਈ ਸੰਪ੍ਰਦਾਵਾਂ, ਸਾਹਿਤ ਸਭਾਵਾਂ, ਸੰਸਥਾਨਾਂ ਵੱਲੋਂ ਬਹੁਤ ਵਾਰ ਸਨਮਾਨ ਕੀਤਾ ਗਿਆ ਹੈ। (ਵਿਸਤਾਰ ਲਈ ਵੇਖੋ ਪੁਸਤਕ ਦੇ ਪੰਨੇ 137 ਤੋਂ 146) ਖੋਜ ਪੱਤਰ ਵਿਚ ਇੰਨਾ ਵਿਸ਼ਾਲ ਵੇਰਵਾ ਦੇਣ ਨਾਲ - ਪਾਠਕਾਂ ਨੂੰ ਖੁਸ਼ਕ ਜਾਣਕਾਰੀ ਦੇ ਅੰਕੜਿਆਂ ਵਾਂਗੂ ਲਗ ਸਕਦਾ ਹੈ। ਸਿਰਫ਼ ਮਹੱਤਵਪੂਰਨ ਵਿਸ਼ਵਕੋਸ਼ਾਂ ਬਾਰੇ ਪ੍ਰਮੁੱਖ ਜਾਣਕਾਰੀ ਦੇ ਰਹੇ ਹਾਂ।

## ਸਾਹਿਤ ਕੋਸ਼/ਵਿਸ਼ਵ ਕੋਸ਼

1. ਭਾਈ ਵੀਰ ਸਿੰਘ ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
2. ਪੰਜਾਬੀ ਸਾਹਿਤ ਸੰਦਰਭ ਕੋਸ਼, 2 ਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994 (ਪੁਰਸਕ੍ਰਿਤ)।
3. ਗੁਰੂ ਗ੍ਰੰਥ ਵਿਸ਼ਵਕੋਸ਼, 2 ਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
4. ਸਿੱਖ ਪੰਥ ਵਿਸ਼ਵਕੋਸ਼, 4 ਭਾਗ, ਗਰੇਸ਼ੀਅਸ ਬੁਕਸ, ਪਟਿਆਲਾ, 2014.
5. ਪੰਜਾਬੀ ਸੂਫ਼ੀ ਕਾਵਿ-ਕੋਸ਼, (ਸੰਪਾ. ਡਾ. ਗੁਰਸ਼ਰਨ ਕੌਰ ਜੱਗੀ) 2015.
6. ਗੁਰਮਤਿ ਸਿਧਾਂਤ ਕੋਸ਼, ਸੰਪਾਦਕ ਡਾ. ਗੁਰਸ਼ਰਨ ਕੌਰ ਜੱਗੀ, ਗਰੇਸ਼ੀਅਸ ਬੁਕਸ, ਪਟਿਆਲਾ, 2019.

## ਟੀਕਾ/ਵਿਆਖਿਆ

1. ਤੁਲਸੀ ਰਾਮਾਇਣ : ਅਧਿਐਨ, ਸੰਪਾਦਨ ਅਤੇ ਵਿਆਖਿਆ (ਹਿੰਦੀ ਤੋਂ ਪੰਜਾਬੀ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.

2-6. ਸ੍ਰੀ ਦਸਮ ਗ੍ਰੰਥ : ਸੰਪਾਦਨ ਅਤੇ ਵਿਆਖਿਆ, (ਪੰਜਾਬੀ) ਸਹਿਲੇਖਕ, ਪੰਜ ਭਾਗ, ਗੋਬਿੰਦ ਸਦਨ ਨਿਊ ਦਿੱਲੀ, 1999-2000.

7-11. ਅਰਥ ਬੋਧ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਜ ਭਾਗ, ਆਰਸੀ ਪਬਲਿਸ਼ਰਜ਼, ਦਿੱਲੀ, 2007.

12-20. ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ, ਨੌਂ ਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

ਹੋਰ ਅਨੇਕ ਅਨੁਵਾਦ, ਅਨੁਕ੍ਰਮਣਿਕਾ ਕੋਸ਼, ਹਿੰਦੀ ਪੁਸਤਕਾਂ, ਖੋਜ ਪੱਤ੍ਰਿਕਾ ਦੇ 20 ਅੰਕਾਂ ਦਾ ਸੰਪਾਦਨ ਅਤੇ ਹਿੰਦੀ/ਅੰਗਰੇਜ਼ੀ ਪੁਸਤਕਾਂ ਦੀ ਗਿਣਤੀ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਕਿਸੇ ਯੂਨੀਵਰਸਿਟੀ ਦੇ ਸੰਪੂਰਨ ਖੋਜ ਕਾਰਜ ਨੂੰ ਡਾ. ਜੱਗੀ ਦੁਆਰਾ ਨਿੱਜੀ ਤੌਰ 'ਤੇ ਸਾਰੀ ਉਮਰ ਲਾ ਕੇ ਕੀਤੀ ਖੋਜ ਸਾਧਨਾ – ਕੰਮ ਦੇ ਨਹੀਂ ਬਿਖਮ ਖੋਜ-ਕਾਰਜ ਦੇ ਗਿਣਾਤਮਿਕ ਅਤੇ ਗੁਣਾਤਮਿਕ ਦੋਹਾਂ ਪੱਖਾਂ ਤੋਂ ਇਕ ਨਾ ਪ੍ਰਾਪਤ ਕੀਤੀ ਜਾ ਸਕਣ ਵਾਲੀ ਮਹਾਨ ਪ੍ਰਾਪਤੀ ਹੈ।

ਡਾ. ਜੱਗੀ ਦੀ ਖੋਜ-ਵਿਧੀ ਅਤੇ ਖੋਜ-ਕਾਰਜ ਦੇ ਕਈ ਆਦਰਸ਼ ਹਨ ਜੋ ਨਵੇਂ ਖੋਜ-ਕਰਤਾਵਾਂ ਨੂੰ ਅਪਨਾਉਣੇ ਅਤੇ ਸਿੱਖਣੇ ਚਾਹੀਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਖੋਜ ਕਾਰਜ ਆਰੰਭ ਕਰੋ ਤਾਂ ਵਿਸ਼ੇ ਨਾਲ ਸੰਬੰਧਤ ਚੋਣ ਸਮੇਂ ਉਸ ਸਮੇਂ ਦੇ ਜਾਂ ਸਮਕਾਲੀ ਵਿਦਵਾਨ ਜਿਹੜੇ ਵਿਸ਼ੇ ਦੇ ਧੁਰੰਧਰ ਵਿਸ਼ੇਸ਼ੱਗ ਹੋਣ ਉਨ੍ਹਾਂ ਨਾਲ ਆਪਣੀ ਖੋਜ ਦੀ ਰੂਪ-ਰੇਖਾ ਦੇ ਹਰ ਪਹਿਲੂ ਉੱਪਰ ਨਿੱਠ ਕੇ ਵਿਚਾਰ-ਵਟਾਂਦਰਾ ਕਰੋ ਅਤੇ ਕੋਸ਼ਿਸ ਕਰੋ ਕਿ ਤੁਹਾਡੀ ਪਹੁੰਚ ਪ੍ਰਮਾਣਿਕ ਮੂਲ ਸਰੋਤਾਂ 'ਤੇ ਆਧਾਰਿਤ ਹੋਵੇ। ਇਸ ਕੰਮ ਵਿਚ ਡਾ. ਜੱਗੀ ਨੇ ਜਿੰਨੇ ਤਲਖ਼ ਤਜਰਬੇ ਅਤੇ ਮਿੱਠੇ ਅਨੁਭਵ ਸਾਂਝੇ ਕੀਤੇ ਹਨ – ਉਨ੍ਹਾਂ ਵਿਚੋਂ ਇਹ ਪੱਕਾ ਹੋ ਜਾਂਦਾ ਹੈ ਕਿ ਰਸਤਾ ਬਿਖੜਾ ਹੈ, ਪਰੰਤੂ ਬਿਖੜੇ ਪੰਧ ਨੂੰ ਵੇਖ ਕੇ, ਡਰ ਕੇ ਜਾਂ ਕੋਈ ਮਾਨਸਿਕ ਕਮਜ਼ੋਰੀ ਕਰਕੇ – ਇਸ ਰਾਹ ਨੂੰ ਤਿਆਗਣ ਤੋਂ ਪਹਿਲਾਂ ਹੀ ਸਾਰੇ ਕੁਝ ਨੂੰ ਵਿਚਾਰ ਕੇ ਕਦਮ ਪੁੱਟੋ। ਡਾ. ਜੱਗੀ ਦਾ ਜੀਵਨ ਔਕੜਾਂ ਭਰਿਆ, ਪਰਿਵਾਰਕ ਮੈਂਬਰਾਂ ਦੇ ਸਦੀਵੀ ਵਿਛੋੜਿਆਂ, ਇਨ੍ਹਾਂ ਦੇ ਖੋਜ ਕਾਰਜ ਵਿਚ ਵਿਘਨ ਪਾਉਣ ਵਾਲੇ ਅਲਪ-ਬੁੱਧੀ ਵਾਲੇ ਅਤੇ ਧੁਰੰਧਰ ਵਿਦਵਾਨਾਂ ਨੇ, ਇਨ੍ਹਾਂ ਨੂੰ ਜਿੰਨਾ ਪ੍ਰੇਸ਼ਾਨ ਕਰਨ ਦਾ ਯਤਨ ਕੀਤਾ, ਜੱਗੀ ਸਾਹਿਬ ਉਸ ਇਮਤਿਹਾਨ ਵਿਚੋਂ ਲੁਹਾਰ ਦੀ ਭੱਠੀ ਵਿਚ ਤਪਾਏ ਹੋਏ ਤੇ ਫਿਰ ਚੰਡੇ ਹੋਏ ਲਾਲ ਲੋਹੇ ਵਰਗੇ ਇਨਸਾਨ ਬਣ ਕੇ ਨਿਕਲੇ। ਹਰ ਮੁਸੀਬਤ ਦਾ ਡਟ ਕੇ ਮੁਕਾਬਲਾ ਕਰਦੇ ਰਹੇ ਹਨ।

ਅੱਜ ਦੇ ਵਿਦਿਆਰਥੀ ਇਹ ਨਾ ਸੋਚਣ ਕਿ ਅਜੋਕੇ ਸਮੇਂ ਵਿਚ ਹੀ ਖੋਜ ਵਿਦਿਆਰਥੀਆਂ ਤੋਂ ਵਗਾਰਾਂ ਕਰਵਾਈਆਂ ਜਾਂਦੀਆਂ ਹਨ, ਉਨ੍ਹਾਂ ਦੇ ਗੇੜੇ ਲਵਾਏ ਜਾਂਦੇ ਹਨ ਜਾਂ ਕਈ ਵਾਰ ਉਨ੍ਹਾਂ ਨੂੰ ਪੇਪਰ ਪੜ੍ਹਨ ਵੇਲੇ ਪੁਲਸੀਆ ਢੰਗ ਨਾਲ ਤਫ਼ਤੀਸ਼ ਕੀਤੀ ਜਾਂਦੀ ਹੈ। ਅਜਿਹੀਆਂ ਔਖਾਂ ਅੱਜ ਨਾਲੋਂ ਪਹਿਲਾਂ ਕਿਤੇ ਵੱਧ ਸਨ। ਡਾ. ਮੋਹਨ ਸਿੰਘ ਦੀਵਾਨਾ ਇਕ ਦੀਵਾਨਾ ਤਾਂ ਕੀ ਹਜ਼ਾਰ ਦੀਵਾਨੇ ਉਨ੍ਹਾਂ ਸਮਿਆਂ ਵਿਚ ਵਿਭਾਗ ਨੂੰ ਫ਼ੌਜੀ ਹੁਕਮਰਾਨਾਂ ਵਾਂਗ ਚਲਾਉਂਦੇ ਸਨ। ਈਰਖਾ ਅਤੇ ਸਾੜਾ ਇੰਨਾ ਸੀ ਕਿ ਲੈਕਚਰਰ ਨੂੰ ਪੀ-ਐਚ.ਡੀ. ਕਰਦਿਆਂ, ਨਾ ਖ਼ੁਦ ਬਰਦਾਸ਼ਤ ਕਰਦੇ ਸਨ ਅਤੇ ਨਾ ਕਰਨ ਦਿੰਦੇ ਸਨ। ਅਧਿਆਪਕਾਂ ਦੀ Rotation ਵਿਸ਼ੇਸ਼ ਕਰਕੇ ਮੁਖੀ ਦੀ ਤਿੰਨ ਸਾਲ ਬਾਅਦ ਬਦਲ ਜਾਣ ਦੀ ਲੋਕਤੰਤਰੀ ਪਿਰਤ, ਜਿਸ ਦੇ ਲਈ ਅਸੀਂ ਖ਼ੁਦ ਬੜੀ ਲੰਬੀ ਲੜਾਈ ਲੜੀ, ਤਕਰੀਬਨ ਦੋ ਮਹੀਨੇ ਲਗਾਤਾਰ ਪੰਜਾਬੀ ਯੂਨੀਵਰਸ਼ਿਟੀ, ਪਟਿਆਲਾ ਬੰਦ ਰੱਖੀ ਗਈ ਤਾਂ ਕਿਤੇ ਜਾ ਕੇ ਪੁਰਾਣੇ ਘਾਗ ਮੁਖੀਆਂ ਨੇ ਇਹ ਫ਼ੈਸਲਾ ਸਿਰੇ ਚੜ੍ਹਨ ਦਿੱਤਾ। ਸੋ ਕਹਿਣ ਦਾ ਮਤਲਬ ਇਹ ਨਹੀਂ ਕਿ ਸਾਰੇ ਅਧਿਆਪਕ ਹੀ ਅਜਿਹੇ ਹਨ। ਅਜਿਹੇ ਅਧਿਆਪਕਾਂ ਦੀ ਵੀ ਕੋਈ ਘਾਟ ਨਹੀਂ ਜੋ ਆਪਣੇ ਵਿਦਿਆਰਥੀਆਂ ਨਾਲ ਦੋਸਤਾਂ-ਛੋਟੇ ਭਰਾਵਾਂ ਵਾਂਗ ਵਰਤਦੇ ਅਤੇ ਉਨ੍ਹਾਂ ਦੀ ਹਰ ਔਖ-ਸੌਖ ਵੇਲੇ ਮਦਦ ਵੀ ਕਰਦੇ ਹਨ। ਡਾ. ਜੱਗੀ ਦੀ ਖੋਜ-ਬਿਰਤੀ ਦੀ ਪ੍ਰਾਪਤੀ ਇਹ ਹੈ ਕਿ ਇਨ੍ਹਾਂ ਇੰਨਾ ਜ਼ਿਆਦਾ ਕੰਮ ਕੀਤਾ ਹੈ ਕਿ ਇਨ੍ਹਾਂ ਕੋਲ ਦੂਸਰਿਆਂ ਦੀ ਨਿੰਦਿਆ ਕਰਨ, ਲੋਭ ਲਾਲਚ ਵਿੱਚ ਫਸਣ ਜਾਂ ਅਸੂਲਾਂ ਨਾਲ ਕੋਈ ਸਮਝੌਤਾ ਕਰਨ ਦੀ ਕਦੇ ਨੌਬਤ ਹੀ ਨਹੀਂ ਆਈ। ਇਸੇ ਕਰਕੇ ਕਰੜੀ ਮਿਹਨਤ ਅਤੇ ਅਨੁਸ਼ਾਸਨਮਈ ਜੀਵਨ ਜਿਊਣ ਦੇ ਨਤੀਜੇ ਵਜੋਂ ਉਨ੍ਹਾਂ ਆਨੰਦਪੁਰ ਸਾਹਿਬ ਦੇ ਮਹੱਲੇ ਉੱਤੇ ਨਿਹੰਗਾਂ ਵਲੋਂ ਘੋੜ ਸਵਾਰੀ ਦੇ ਦਿਖਾਏ ਕਰਤੱਵਾਂ ਵਾਂਗ ਹਿੰਦੀ/ਪੰਜਾਬੀ, ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ ਅਤੇ ਰਾਮਾਇਣ ਭਾਵ ਦੋ ਘੋੜਿਆਂ ਦੀ ਪੂਰੀ ਸ਼ਾਨ ਨਾਲ ਸਵਾਰੀ ਕੀਤੀ ਅਤੇ ਆਪਣੇ ਨਾਮ ਦਾ ਸਿੱਕਾ ਵਿਰੋਧੀਆਂ ਨੂੰ ਆਪਣੇ ਕੰਮ ਨਾਲ ਜਵਾਬ ਦੇ ਕੇ ਮਨਵਾਇਆ। ਉਨ੍ਹਾਂ ਆਪਣੀ ਸ੍ਵੈ-ਜੀਵਨੀ ਦੇ ਪਹਿਲੇ ਹਿੱਸੇ ਵਿਚ ਆਪ ਇਕ ਸ਼ਿਅਰ ਦਾ ਹਵਾਲਾ ਦਿੱਤਾ ਹੈ :

*ਇਸ ਤਰਹ ਸੇ ਤੈਅ ਕੀ ਹਮ ਨੇ ਮੰਜ਼ਿਲੇਂ*
*ਗਿਰ ਪੜੇ ਗਿਰ ਕਰ ਉਠੇ ਉਠ ਕਰ ਚਲੇ।* [4]

ਡਾ. ਜੱਗੀ ਨੇ ਖੋਜ ਵਿਚ ਇੰਨਾ ਨਾਮਣਾ ਖੱਟਣ ਤੋਂ ਬਾਅਦ ਵੀ ਆਪਣੇ ਆਪ ਨੂੰ ਨਿਮਰਤਾ ਦਾ ਪੁੰਜ ਸਮਝਦਿਆਂ, ਇਸ ਪ੍ਰਾਪਤੀ ਨੂੰ ਵੀ ਪਰਮ-ਸੱਤਾ ਦੀ ਮਿਹਰ ਸਮਝਿਆ। ਆਮ ਤੌਰ 'ਤੇ ਵੇਖਣ ਵਿਚ ਆਉਂਦਾ ਹੈ ਕਿ ਬਹੁਤ ਖੋਜ-ਕਰਤਾ ਆਪ ਤੋਂ ਪੂਰਵਲੀ ਹੋ ਚੁੱਕੀ ਖੋਜ ਨੂੰ ਜਾਂ ਰੱਦ ਕਰਦੇ ਹਨ ਜਾਂ 'ਕਿਸੇ ਕੰਮ ਦੀ ਨਹੀਂ' ਕਹਿ ਕੇ ਆਪਣੀ ਹਉਮੈ ਦਾ ਪ੍ਰਗਟਾਵਾ ਕਰਦੇ ਹਨ। ਡਾ. ਜੱਗੀ ਬੜੇ ਵਿਸ਼ਾਲ ਦਿਲ-ਓ ਦਿਮਾਗ਼ ਵਾਲੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਬਾਰੇ ਉਨ੍ਹਾਂ ਦੇ ਵਿਚਾਰ ਵੇਖੋ : 'ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਕੁ ਹਵਾਲਾ ਗ੍ਰੰਥ ਛਪ ਚੁੱਕੇ ਹਨ। ਉਨ੍ਹਾਂ ਸਭ ਵਿਚੋਂ ਮਹਾਨ ਕੋਸ਼ ਅਧਿਕ ਉਪਯੋਗੀ ਹੈ ਕਿਉਂਕਿ ਭਾਈ ਕਾਨ੍ਹ ਸਿੰਘ ਨਾਭਾ ਨੇ 14 ਵਰ੍ਹੇ ਲਗਾ ਕੇ ਅਤੇ ਅਨੇਕ ਵਿਸ਼ਿਆਂ ਦੇ ਮਾਹਿਰਾਂ ਦੀ ਸਹਾਇਤਾ ਲੈ ਕੇ ਤਿਆਰ ਕੀਤਾ ਸੀ। ਆਪਣੇ ਸਮੇਂ ਦਾ ਇਹ ਇੱਕ ਮਹੱਤਵਪੂਰਨ ਅਤੇ ਮਹਾਨ ਉੱਦਮ ਸੀ। ਇਹ ਸ਼ਬਦ ਕੋਸ਼ ਅਤੇ ਵਿਸ਼ਵਕੋਸ਼ ਦਾ ਸੰਯੁਕਤ ਰੂਪ ਹੈ, ਨਿਰਾ ਵਿਸ਼ਵਕੋਸ਼ ਨਹੀਂ। ਇਸ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਭਿੰਨ ਸਿੱਖ ਇਤਿਹਾਸ ਅਤੇ ਸਾਹਿਤ ਸੰਬੰਧੀ ਵੀ ਸਾਮੱਗ੍ਰੀ ਸੰਕਲਿਤ ਹੈ।[5]

ਵੱਡੇ ਬੰਦੇ ਵੱਡੇ ਦਿਲ ਵਾਲੇ ਹੁੰਦੇ ਹਨ। ਉਹ ਕਿਸੇ ਨਾਲ ਈਰਖਾ ਜਾਂ ਸਾੜਾ ਨਹੀਂ ਕਰਦੇ। ਨਹੀਂ ਤਾਂ ਸਾਹਿਤ-ਖੋਜ ਦੇ ਜਗਤ ਵਿਚ ਕਈ ਚੂਹੇ 'ਹਲਦੀ ਦੀ ਗੰਢੀ' ਲੈ ਕੇ ਪੰਸਾਰੀ ਬਣਨ ਵਿਚ ਘੌਲ ਨਹੀਂ ਕਰਦੇ। ਪ੍ਰੋਫ਼ੈਸਰ ਗੁਲਵੰਤ ਸਿੰਘ ਕਦੇ ਕਦੇ ਆਪਣੇ ਮਨ ਦੀ ਮੌਜ ਵਿਚ ਕਿਹਾ ਕਰਦੇ ਸਨ 'ਹੁਸਨ ਉਹ ਜਿਸ ਦੀ ਤਾਰੀਫ਼ ਸੌਂਕਣ ਕਰੇ, ਜੱਗੀ ਸਾਹਿਬ ਦੀਆਂ ਸੌਂਕਣਾਂ ਵੀ ਕਈ ਸਨ – ਖੋਜ ਲਈ ਸਿਰ ਧੜ ਦੀ ਬਾਜ਼ੀ ਲਾਉਣ ਵਾਲੇ ਸਿਰਫ਼ ਡਾ. ਜੱਗੀ ਹੀ ਇਸ ਮੈਦਾਨ ਵਿਚ ਨਿੱਤਰੇ :

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥*[6]

ਨਿੰਦਕਾਂ ਦੇ ਖੋਖਲੇਪਣ ਬਾਰੇ ਵੀ ਕਬੀਰ ਸਾਹਿਬ ਦਾ ਸਲੋਕ ਇਸ ਮੌਕੇ ਅਨੁਸਾਰ ਪੂਰਾ ਢੁੱਕਵਾਂ ਹੈ :

*ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥*

ਡਾ. ਜੱਗੀ ਸਾਹਿਬ ਜਿੱਥੇ ਨਿਮਰਤਾ ਦੀ ਮੂਰਤ ਹਨ, ਉੱਥੇ ਖ਼ੁਦਦਾਰ ਵੀ ਹਨ। ਇਹ ਵਚਿੱਤਰ ਸੁਮੇਲ ਹੈ। ਸੁਮੇਲ ਇਹ ਹੈ ਕਿ ਇਕ ਪਾਸੇ ਅੰਤਾਂ ਦੀ ਨਿਮਰਤਾ, ਗੁਰੂ ਦੀ ਨਦਰਿ ਨੂੰ ਸਭ ਪ੍ਰਾਪਤੀਆਂ ਦਾ ਮਾਣ ਦੇਣਾ। ਦੂਸਰੇ ਪਾਸੇ ਜੇ ਅਸੂਲਾਂ ਅਤੇ ਮਾਇਆ ਵਿਚੋਂ ਇਕ ਨੂੰ ਚੁਣਨਾ ਪਵੇ ਤਾਂ ਖ਼ੁਦਦਾਰੀ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਮਾਇਆ ਨੂੰ ਲੱਤ ਮਾਰ ਕੇ ਖ਼ੁਦਦਾਰੀ ਨੂੰ ਪਹਿਲ ਦਿੱਤੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸੋਚ ਸਾਹਿਬ ਨੇ ਡਾ. ਜੱਗੀ ਦੀ ਕੰਮ ਪ੍ਰਤੀ ਪ੍ਰਤੀਬੱਧਤਾ ਅਤੇ ਬੌਧਿਕ ਉਚਾਈ ਨੂੰ ਮਹਿਸੂਸ ਕਰਦਿਆਂ, ਡਾ. ਜੱਗੀ ਵਲੋਂ 'ਗੁਰੂ ਗ੍ਰੰਥ ਵਿਸ਼ਵਕੋਸ਼' ਦੇ ਪ੍ਰਾਜੈਕਟ ਸਿੰਡੀਕੇਟ ਵਿਚੋਂ ਪਾਸ ਕਰਵਾ ਕੇ, ਆਪਣੀ ਯੂਨੀਵਰਸਿਟੀ ਵਲੋਂ ਇਸ ਪ੍ਰਾਜੈਕਟ ਨੂੰ ਛਪਵਾਉਣ ਦੀ ਜ਼ਿੰਮੇਵਾਰੀ ਡਾ. ਜੱਗੀ ਜੀ ਨੂੰ ਦੇ ਦਿੱਤੀ। 2001 ਵਿਚ ਸੋਚ ਸਾਹਿਬ ਦਾ ਸਮਾਂ ਸਮਾਪਤ ਹੋ ਗਿਆ। ਡਾ. ਸ.ਪ. ਸਿੰਘ ਯੂਨੀਵਰਸਿਟੀ ਦੇ ਨਵੇਂ ਵਾਈਸ-ਚਾਂਸਲਰ ਬਣ ਗਏ। ਮੁੱਕਦੀ ਗੱਲ ਇਹ ਕਿ ਡਾ. ਜੱਗੀ ਨੇ ਯੂਨੀਵਰਸਿਟੀ ਨੂੰ ਆਪਣੇ ਵਾਅਦੇ ਅਨੁਸਾਰ ਪਹਿਲੀ ਸੈਂਚੀ ਅਤੇ ਨਾਲ ਚਿੱਠੀ ਲਿਖ ਭੇਜੀ। ਪਰੰਤੂ ਕੁਝ ਕਾਰਣਾਂ ਕਰਕੇ ਯੂਨੀਵਰਸਿਟੀ ਨੇ ਇਸ ਪ੍ਰਾਜੈਕਟ ਵਿਚ ਦਿਲਚਸਪੀ ਨਾ ਦਿਖਾਈ। ਜਦੋਂ ਡਾ. ਜੱਗੀ ਨੂੰ ਇਹ ਅਹਿਸਾਸ ਹੋਇਆ ਕਿ ਯੂਨੀਵਰਸਿਟੀ ਮੇਰੇ ਕਾਰਜ ਵਿਚ ਕੋਈ ਦਿਲਚਸਪੀ ਨਹੀਂ ਲੈਂਦੀ, ਉਨ੍ਹਾਂ ਯੂਨੀਵਰਸਿਟੀ ਨੂੰ ਚਿੱਠੀ ਲਿਖ ਦਿੱਤੀ ਕਿ ਮੇਰਾ ਖਰੜਾ ਵਾਪਸ ਕਰ ਦਿਓ ਅਤੇ ਮੇਰੀ ਫੈਲੋਸ਼ਿਪ ਮਨਸੂਖ਼ ਕਰ ਦਿਓ, ਮੈਂ ਉਨ੍ਹਾਂ ਬੇਕਦਰਿਆਂ ਨੂੰ ਇਹ ਪ੍ਰਾਜੈਕਟ ਨਾ ਦੇਣ ਦਾ ਪੱਕਾ ਮਨ ਬਣਾ ਲਿਆ। ਜਦੋਂ ਜੱਗੀ ਸਾਹਿਬ ਨੇ ਸਾਰਾ ਪ੍ਰਾਜੈਕਟ ਟਾਈਪ ਕਰਵਾ ਲਿਆ ਅਤੇ 5 ਦਸੰਬਰ, 2001 ਨੂੰ ਯੂਨੀਵਰਸਿਟੀ ਵੱਲ ਫ਼ੈਲੋਸ਼ਿਪ ਦਾ ਚੈੱਕ ਵੀ ਆ ਗਿਆ। ਡਾ. ਜੱਗੀ ਨੇ ਆਪਣੀ ਬੇਕਦਰੀ ਨੂੰ ਬਰਦਾਸ਼ਤ ਨਾ ਕਰਦਿਆਂ ਉਹ ਚੈੱਕ 12-12-2001 ਨੂੰ ਯੂਨੀਵਰਸਿਟੀ ਨੂੰ ਵਾਪਸ ਕਰ ਦਿੱਤਾ। ਮੈਨੂੰ ਇਸ ਘਟਨਾ ਤੋਂ ਗ਼ਾਲਿਬ ਸਾਹਿਬ ਦੀ ਉਹ ਕਹਾਣੀ ਯਾਦ ਆਈ ਜਦੋਂ ਦਿੱਲੀ ਵਿੱਚ ਕਿਸੇ ਕਾਲਜ ਦੇ ਅੰਗ੍ਰੇਜ਼ ਪ੍ਰਿੰਸੀਪਲ ਨੂੰ ਪਤਾ ਲੱਗਾ ਕਿ ਗ਼ਾਲਿਬ ਸਾਹਿਬ ਉਰਦੂ ਅਤੇ ਫ਼ਾਰਸੀ ਜ਼ੁਬਾਨ ਦੇ ਬਹੁਤ ਵੱਡੇ ਵਿਦਵਾਨ ਅਤੇ ਸ਼ਾਇਰ ਹਨ। ਪ੍ਰਿੰਸੀਪਲ ਨੇ ਉਨ੍ਹਾਂ ਦੀ ਕਾਬਲੀਅਤਾ ਦਾ ਮਾਣ ਰੱਖਦਿਆਂ, ਉਨ੍ਹਾਂ ਨੂੰ ਕਾਲਜ ਵਿਚ ਪ੍ਰੋਫ਼ੈਸਰ ਵਜੋਂ ਪੜ੍ਹਾਉਣ ਦਾ ਸੱਦਾ ਭੇਜਿਆ।

ਗ਼ਾਲਿਬ ਸਾਹਿਬ ਨੇ ਪਾਲਕੀ ਵਿਚ ਬੈਠ ਕੇ ਕਹਾਰਾਂ ਨੂੰ ਕਾਲਜ ਪਹੁੰਚਣ ਲਈ ਕਿਹਾ। ਜਦੋਂ ਗ਼ਾਲਿਬ ਸਾਹਿਬ ਦਰਵਾਜ਼ੇ ਕੋਲ ਪਹੁੰਚੇ, ਉਨ੍ਹਾਂ ਦਰਬਾਨ/ਚੌਕੀਦਾਰ ਨੂੰ ਕਿਹਾ ਕਿ ਪ੍ਰਿੰਸੀਪਲ ਸਾਇਬ ਕੋ ਸੰਦੇਸ਼ਾ ਦੇ ਦੋ ਕਿ

ਗ਼ਾਲਿਬ ਸਾਹਿਬ ਤਸ਼ਰੀਫ਼-ਫ਼ਰਮਾਂ ਹੈਂ। ਪ੍ਰਿੰਸੀਪਲ ਨੇ ਦਰਬਾਰ ਨੂੰ ਕਿਹਾ ਕਿ ਜੇ ਗ਼ਾਲਿਬ ਸਾਹਿਬ ਆ ਗਏ ਹਨ ਤਾਂ ਉਨ੍ਹਾਂ ਨੂੰ ਕਹੋ ਕਿ ਉਹ ਅੰਦਰ ਆ ਜਾਣ। ਗ਼ਾਲਿਬ ਇਹ ਜਵਾਬ ਸੁਣ ਕੇ ਗੁੱਸੇ ਵਿਚ ਆ ਗਏ। ਉਹ ਉਮੀਦ ਕਰ ਰਹੇ ਸਨ ਕਿ ਪ੍ਰਿੰਸੀਪਲ ਸਾਹਿਬ ਦਰਵਾਜ਼ੇ ਉਪਰ ਆ ਕੇ ਉਨ੍ਹਾਂ ਨੂੰ ਤਸ਼ਰੀਫ਼ ਲਿਆਉਣ ਦੀ ਅਰਜ਼ ਕਰਨਗੇ। ਪਰੰਤੂ ਪ੍ਰਿੰਸੀਪਲ ਤਾਂ ਗ਼ਾਲਿਬ ਨੂੰ ਕਾਲਜ ਦਾ ਇਕ ਮੁਲਾਜ਼ਮ ਸਮਝਦਾ ਸੀ। ਗ਼ਾਲਿਬ ਨੇ ਕਹਾਰਾਂ ਨੂੰ ਕਿਹਾ ਚਲੋ ਪਾਲਕੀ ਉਠਾਓ ਔਰ ਵਾਪਸ ਘਰ ਕੋ ਲੌਟ ਚਲੋ। ਕਿਹਾ ਜਾਂਦਾ ਹੈ ਕਿ ਗ਼ਾਲਿਬ ਨੇ ਬੇਇੱਜ਼ਤੀ ਮਹਿਸੂਸ ਕਰਦਿਆਂ ਕਿਹਾ ਕਿ "ਹਮ ਯਹਾਂ ਇੱਜ਼ਤ ਬਢਾਨੇ ਕੇ ਲੀਏ ਤਸ਼ਰੀਫ਼ ਲਾਏ ਹੈ ਇੱਜ਼ਤ ਘਟਾਨੇ ਕੇ ਲੀਏ ਨਹੀਂ।'

ਇਕ ਹੋਰ ਦਿਲ ਨੂੰ ਟੁੰਬਣ ਵਾਲਾ ਵਾਕਿਆ ਜੱਗੀ ਸਾਹਿਬ ਦੀ ਆਪਣੇ ਕੰਮ ਅਤੇ ਨੀਯਤ ਪ੍ਰੋਗਰਾਮ ਲਈ ਵੱਡੀ ਤੋਂ ਵੱਡੀ ਕੁਰਬਾਨੀ ਵੱਜੋਂ ਵੇਖਿਆ ਜਾ ਸਕਦਾ ਹੈ।

ਬਾਬਾ ਵਿਰਸਾ ਸਿੰਘ ਗੋਬਿੰਦ ਸਦਨ, ਦਿੱਲੀ ਵਾਲਿਆਂ ਦੀ ਇੱਛਾ ਅਨੁਸਾਰ ਡਾ. ਜੱਗੀ ਨੇ 'ਦਸਮ ਗ੍ਰੰਥ' ਦਾ ਟੀਕਾ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਬਾਬਾ ਜੀ ਦੀ ਇੱਛਾ ਅਨੁਸਾਰ ਮਿਤੀ 3-4-5 ਜਨਵਰੀ ਨੂੰ ਇਕ ਸੈਮੀਨਾਰ ਵੀ ਆਯੋਜਿਤ ਕਰਨ ਲਈ, ਡਾ. ਜੱਗੀ ਨੂੰ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸੈਮੀਨਾਰ ਵਿਚ 35 ਪਰਚਿਆਂ ਵਿਚੋਂ 24 (17 ਪੰਜਾਬੀ ਅਤੇ 7 ਹਿੰਦੀ) ਨੂੰ 'ਗੁਰੂ ਗੋਬਿੰਦ ਸਿੰਘ ਜੀ : ਸਾਧਨਾਂ ਅਤੇ ਸਾਹਿਤ' ਨਾਂ ਦੀ ਪੁਸਤਕ ਵਿਚ ਮੇਜਰ ਕਿਰਪਾਲ ਸਿੰਘ ਨੇ ਸੰਪਾਦਿਤ ਕਰਕੇ ਪ੍ਰਕਾਸ਼ਿਤ ਕਰ ਦਿੱਤਾ।

ਇਸੇ ਦੌਰਾਨ ਡਾ. ਜੱਗੀ ਦਾ ਵੱਡਾ ਬੇਟਾ 16 ਦਸੰਬਰ, 1997 ਨੂੰ ਸੰਸਾਰ ਨੂੰ ਅਲਵਿਦਾ ਕਹਿ ਗਿਆ। ਡਾ. ਜੱਗੀ ਲਿਖਦੇ ਹਨ, 'ਜਵਾਨ ਲੜਕੇ ਦੇ ਸਥਾਈ ਵਿਛੋੜੇ ਨਾਲ ਮਾਪਿਆਂ ਨੂੰ ਕਿਤਨਾ ਦੁਖ ਹੋ ਸਕਦਾ ਹੈ, ਇਸ ਦਾ ਸਹਿਜ ਵਿਚ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਮੈਂ ਇਕ ਵਾਰ ਡੋਲ ਗਿਆ। ਸਿਰ ਤੇ ਜ਼ਿੰਮੇਵਾਰੀਆਂ ਹੋਰ ਆ ਪਈਆਂ। ਪਰ ਦਿਲ ਛੱਡਣ ਨਾਲ ਕਿਸੇ ਸਮੱਸਿਆ ਦਾ ਸਮਾਧਾਨ ਨਹੀਂ ਹੋ ਸਕਦਾ। ਉਧਰ 3-4-5 ਜਨਵਰੀ ਨੂੰ ਦਿੱਲੀ ਸੈਮੀਨਾਰ ਰੱਖਿਆ ਹੋਇਆ ਸੀ। ਆਖ਼ਿਰ ਕਿਸੇ ਅਗੰਮੀ ਸ਼ਕਤੀ ਦਾ ਪ੍ਰੇਰਿਆ ਮੈਂ ਦਿੱਲੀ ਪਹੁੰਚਿਆ। ਬੜਾ ਕਾਮਯਾਬ ਸੈਮੀਨਾਰ ਹੋਇਆ। ਸੱਚ ਪੁੱਛੋ ਤਾਂ ਤ੍ਰੈ ਸ਼ਤਾਬਦੀ ਬਾਰੇ ਹੋਏ ਸੈਮੀਨਾਰਾਂ ਵਿਚੋਂ ਕੇਵਲ ਇਹੀ ਸਫਲ ਅਤੇ ਵਿਵਸਥਿਤ ਰਿਹਾ।

ਖੋਜ ਕਰਨ ਵਾਲਿਆਂ ਲਈ ਡਾ. ਜੱਗੀ ਦੀ ਦ੍ਰਿੜ੍ਹਤਾ ਅਤੇ ਸੁਹਿਰਦਤਾ ਤੋਂ ਇਕ ਹੋਰ ਵੱਡਾ ਸਬਕ ਲੈਣ ਦੀ ਲੋੜ ਹੈ। ਉਹ ਹੈ ਜਿਹੜੇ ਲੋਕਾਂ ਨੇ ਤੁਹਾਨੂੰ ਪ੍ਰੇਸ਼ਾਨ ਵੀ ਕੀਤਾ ਹੋਵੇ ਤਾਂ ਉਨ੍ਹਾਂ ਦੇ ਗੁਣਾਂ ਨੂੰ ਕਦੀ ਵੀ ਘਟਾ ਕੇ ਨਹੀਂ ਵੇਖਣਾ ਚਾਹੀਦਾ ਅਤੇ ਨਾ ਹੀ ਈਰਖਾ ਵੱਸ ਹੋ ਕੇ ਅਣਡਿੱਠ ਕਰਨਾ ਚਾਹੀਦਾ ਹੈ। ਡਾ. ਜੱਗੀ ਦੀਆਂ ਟਿੱਪਣੀਆਂ ਅਤੇ ਹੋਰ ਵਿਦਵਾਨਾਂ ਦੇ ਵਿਚਾਰ ਪੜ੍ਹ ਕੇ ਚਾਨਣ ਹੋ ਜਾਂਦਾ ਹੈ ਕਿ ਡਾ. ਮੋਹਨ ਸਿੰਘ ਦੀਵਾਨਾ ਕਈ ਭਾਸ਼ਾਵਾਂ ਦੇ ਮਾਹਿਰ ਵਿਦਵਾਨ ਸਨ ਅਤੇ ਜੀਵਨ ਦੇ ਕਈ ਖੇਤਰਾਂ ਵਿਚ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਵੀ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੋਹਨ ਸਿੰਘ ਦੀਵਾਨਾ ਦੀਆਂ ਚੋਣਵੀਆਂ ਕਹਾਣੀਆਂ ਦੀ ਪੁਸਤਕ ਵੀ ਪ੍ਰਕਾਸ਼ਿਤ ਕੀਤੀ ਹੈ।

ਡਾ. ਜੱਗੀ ਨਾਲ ਉਨ੍ਹਾਂ ਦੇ ਰਿਸ਼ਤੇ ਭਾਵੇਂ ਕਿਸੇ ਵੇਲੇ ਖੱਟੇ-ਮਿੱਠੇ ਵੀ ਰਹੇ ਪਰੰਤੂ ਜਦੋਂ ਉਨ੍ਹਾਂ ਨੇ ਮੋਹਨ ਸਿੰਘ ਦੀਵਾਨਾ ਦੀ ਕਵਿਤਾ ਦਾ ਅਧਿਐਨ ਕੀਤਾ ਤਾਂ ਉਨ੍ਹਾਂ ਨੂੰ ਉਹ ਕਵਿਤਾ ਉੱਚ ਪਾਇ ਦੀ ਕਵਿਤਾ ਅਤੇ ਪ੍ਰਸ਼ੰਸਾਯੋਗ ਕਵਿਤਾ ਲੱਗੀ। ਕਹਿਣ ਦਾ ਭਾਵ ਹੈ ਕਿ ਕਿਸੇ ਵਿਅਕਤੀ ਪ੍ਰਤੀ ਉਸਦੇ ਨਿੱਜੀ ਸੰਬੰਧਾਂ ਜਾਂ ਸ਼ਖ਼ਸੀਅਤਾਂ ਦੇ ਕਿਸੇ ਇਕ ਪਹਿਲੂ ਵਿਚ ਇਕ ਅੱਧ ਘਾਟ ਹੋਣ ਕਾਰਣ (ਕਿਉਂਕਿ ਇਨਸਾਨ ਗ਼ਲਤੀਆਂ ਦਾ ਪੁਤਲਾ ਹੈ) ਉਸ ਦੀ ਦੇਣ ਨੂੰ ਦੁਰਕਾਰ ਦੇਣਾ, ਅੰਗਰੇਜ਼ੀ ਵਿਚ ਕਹਿੰਦੇ ਹਨ ਕਿ 'To throw the baby with the bath water' ਵਾਲੀ ਵੱਡੀ ਗੱਲ ਹੋਵੇਗੀ। ਡਾ. ਜੱਗੀ ਖੋਜ ਕਰਨ ਵੇਲੇ ਸੰਤੁਲਨ ਦਾ ਵਿਸ਼ੇਸ਼ ਧਿਆਨ ਰੱਖਦੇ ਸਨ। ਜਿਵੇਂ ਅੰਗ੍ਰੇਜ਼ ਵਿਦਵਾਨ T.S. Eliot ਨੇ ਲਿਖਿਆ ਹੈ ਕਿ 'genuine criticism is always directed against the poetry and not against the poet.'

ਡਾ. ਦੀਵਾਨਾ ਬਾਰੇ ਚਰਚਾ ਕਰਦਿਆਂ ਡਾ. ਜੱਗੀ ਇਸ ਸਿੱਟੇ ਤੇ ਪਹੁੰਚੇ, ਡਾ. ਦੀਵਾਨਾ ਨੂੰ ਕਿਸੇ ਨੇ ਸਨਕੀ ਕਿਹਾ, ਕਿਸੇ ਨੇ ਆਫਰਿਆ ਹੋਇਆ ਵਿਦਵਾਨ ਕਿਹਾ, ਕਿਸੇ ਨੇ ਮੂਡੀ ਕਿਹਾ, ਕਿਸੇ ਨੇ ਵਿਲਾਸ਼ੀ ਕਿਹਾ, ਕਿਸੇ ਨੇ ਰਹੱਸਵਾਦੀ ਕਿਹਾ, ਪਰ ਵਾਸਤਵ ਵਿਚ ਉਹ ਇਕ ਸਾਕਾਰ ਪ੍ਰਤਿਭਾ ਸਨ।[8]

ਡਾ. ਜੱਗੀ ਨੇ 1994 ਵਿਚ ਡਾ. ਮੋਹਨ ਸਿੰਘ ਦੀਆਂ ਸੱਤ ਕਾਵਿ-ਪੁਸਤਕਾਂ ਨੂੰ ਲੈ ਕੇ, ਕੁਝ ਹੋਰ ਪੱਤਰਕਾਵਾਂ ਵਿਚੋਂ ਰਚਨਾਵਾਂ ਲੈ ਕੇ ਉਨ੍ਹਾਂ ਦੀ 'ਮਸਤੀ' ਵਿਚਲੀਆਂ ਕਵਿਤਾਵਾਂ ਦੀ ਤਾਰੀਫ਼ ਕਰਦਿਆਂ ਹਰ ਤਰ੍ਹਾਂ ਦੇ ਪੂਰਵ-ਆਗ੍ਰਿਹਾਂ ਤੋਂ ਮੁਕਤ ਰਹਿੰਦਿਆਂ ਕਾਵਿ-ਸੰਗ੍ਰਹਿ ਛਾਪਿਆ।

ਨਵੇਂ ਖੋਜ਼ਾਰਥੀਆਂ ਨੂੰ ਜੱਗੀ ਸਾਹਿਬ ਦੀ ਇਹ ਪਹੁੰਚ ਜਿਵੇਂ ਤੁਲਸੀ ਦਾਸ ਨੇ ਲਿਖਿਆ ਹੈ 'ਸੰਗ੍ਰਹਿ ਤਿਆਗ ਨਾ ਬਿਨ ਪਹਿਚਾਨੇ' ਇਸ ਸੂਤਰ ਅਨੁਸਾਰ ਬਾਹਰਮੁਖੀ, ਸੰਤੁਲਿਤ ਅਤੇ ਵਿਗਿਆਨਕ ਖੋਜ ਦੇ ਪੰਧ ਨੂੰ ਅਪਨਾਉਣਾ ਚਾਹੀਦਾ ਹੈ। ਤੰਗ-ਦਿਲੀ ਅਤੇ ਤੰਗ-ਨਜ਼ਰੀਆ ਤੁਹਾਨੂੰ ਕਿਸੇ ਵੀ ਖੇਤਰ ਵਿਚ ਬਹੁਤੀ ਦੂਰ ਨਹੀਂ ਲੈ ਕੇ ਜਾ ਸਕਦਾ।

ਡਾ. ਜੱਗੀ ਲਈ ਗੁਰਮਤਿ ਗੁਰਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਖੋਜ ਦੇ ਰਾਹ ਤੁਰਨਾ ਕੋਈ ਪੇਸ਼ੇਵਾਰਾਨਾ ਮਜਬੂਰੀ ਨਹੀਂ ਸੀ। ਧਰਮ–ਨਿਸ਼ਠਾ ਕਾਰਣ ਅਤੇ ਜਿਵੇਂ ਉਹ ਆਪ ਕਈ ਥਾਂ 'ਤੇ ਲਿਖਦੇ ਹਨ ਕਿ ਇਹ ਸੇਵਾ ਸਤਿਗੁਰਾਂ ਅਤੇ ਪਰਮਸੱਤਾ ਨੇ ਉਨ੍ਹਾਂ ਨੂੰ ਬਖ਼ਸ਼ ਕੇ ਉਨ੍ਹਾਂ ਦਾ ਜੀਵਨ ਸਫਲ ਕੀਤਾ। ਸਮੁੱਚੀ ਗੁਰਬਾਣੀ ਬਾਰੇ ਉਨ੍ਹਾਂ ਦੀ ਕੀਤੀ ਖੋਜ ਉਨ੍ਹਾਂ ਦੀ ਜੀਵਨ–ਯਾਤਰਾ ਦਾ ਇਕ ਮਿਸ਼ਨ ਹੈ। ਇਹ ਮਿਸ਼ਨ ਕਿਸੇ ਧਾਰਮਿਕ ਸੰਕੀਰਣਤਾ, ਮੱਠ–ਪੂਜਾ ਜਾਂ ਡੇਰਾਵਾਦ ਨੂੰ ਫੈਲਾਉਣ ਲਈ ਨਹੀਂ ਚੁਣਿਆ ਗਿਆ ਸੀ। ਸੱਚੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਗੁਰਬਾਣੀ ਦੀ ਖੋਜ ਲਈ ਸਮਰਪਿਤ ਕੀਤਾ ਹੋਇਆ ਹੈ। ਇਹੋ ਜਿਹੇ ਨਿਸ਼ਕਾਮ ਅਤੇ ਨਿਸ਼ਠਾਵਾਨ ਕਰਮਯੋਗੀ, ਸਿਰੜੀ ਖੋਜੀ, ਕਿਸੇ ਵੀ ਧਰਮ, ਭਾਸ਼ਾ ਜਾਂ ਰਾਜ ਲਈ ਗਿਆਨ ਦੇ ਸੂਰਜ ਹੁੰਦੇ ਹਨ। ਇਨ੍ਹਾਂ ਵੱਲੋਂ ਕੀਤੀ ਸਾਹਿਤ–ਖੋਜ ਦੀ ਤਪ ਸਾਧਨਾ ਨੂੰ ਨਮਸਕਾਰ ਹੀ ਕੀਤਾ ਜਾ ਸਕਦਾ ਹੈ। ਕੋਈ ਸਨਮਾਨ ਇਨ੍ਹਾਂ ਵੱਲੋਂ ਕੀਤੇ ਖੋਜ ਕਾਰਜ ਦੇ ਨੇੜੇ ਵੀ ਨਹੀਂ ਪਹੁੰਚ ਸਕਦਾ।

ਲੋਕ ਜੁਗਾੜਬੰਦੀਆਂ ਕਰ ਕੇ, ਇਧਰੋਂ ਉਧਰੋਂ ਕਿਤਾਬਾਂ ਇਕੱਠੀਆਂ ਕਰ ਕੇ ਮਾਨਾਂ/ਸਨਮਾਨਾਂ ਲਈ ਦੌੜੇ ਫਿਰਦੇ ਹਨ। ਡਾ. ਜੱਗੀ ਸਾਡੀ ਭਾਸ਼ਾ ਲਈ ਇਕ ਅਜਿਹੀ ਅਨੂਠੀ ਅਤੇ ਸਨਿਮਰ ਪ੍ਰਤਿਭਾ ਹੈ, ਜਿਸ ਦੇ ਪਿੱਛੇ ਇਨਾਮ/ਸਨਮਾਨ ਦੌੜਦੇ ਫਿਰਦੇ ਹਨ। ਨਵੇਂ ਖੋਜੀਆਂ ਨੂੰ ਇਹ ਸੱਚ ਵੀ ਲੜ ਬੰਨ੍ਹ ਲੈਣਾ ਚਾਹੀਦਾ ਹੈ ਕਿ ਸ਼ੇਰ ਕਿਸੇ ਹੋਰ ਦਾ ਕੀਤਾ ਸ਼ਿਕਾਰ ਨਹੀਂ ਖਾਂਦੇ। ਸਿਰ ਸੁੱਟ ਕੇ ਲੱਗੇ ਰਹੋ ਅੰਤ ਤੁਹਾਨੂੰ ਮਾਣ/ਸਨਮਾਨ ਦੇਣੇ, ਦੇਣ ਵਾਲਿਆਂ ਦੀ ਲੋੜ ਅਤੇ ਮਜਬੂਰੀ ਬਣ ਜਾਣਗੇ। ਸਬਰ ਰੱਖੋ, ਸਿਰੜ ਰੱਖੋ ਤੇ ਆਪਣੀ ਖ਼ੁਦਦਾਰੀ ਨੂੰ ਇਨਾਮਾਂ ਲਈ ਵੇਚਣ ਲਈ ਸੌਦੇ ਨਾ ਕਰੋ।

'ਸ਼ਹਿਰ–ਇ–ਦਾਨਿਸ਼ ਮੇਂ ਰਹੋ, ਅਕਲ ਕਾ ਸੌਦਾ ਨਾ ਕਰੋ।' ਸਾਡੀਆਂ ਸੰਸਥਾਵਾਂ ਖ਼ਾਸ ਕਰਕੇ ਯੂਨੀਵਰਸਿਟੀਆਂ ਅਤੇ ਧਾਰਮਿਕ ਸੰਸਥਾਵਾਂ ਵਿਚ ਅਸਲ ਵਿਚ ਖੋਜ ਕਰਨ ਵਾਲਿਆਂ ਦੀ ਕੀ ਸਥਿਤੀ ਹੈ ? ਅਤੇ ਸਾਡਾ ਕੀ ਪੱਧਰ ਹੈ? ਇਹ ਸਭ ਨੂੰ ਭਲੀ ਭਾਂਤ ਪਤਾ ਹੈ। ਇਕ ਹਵਾਲਾ ਡਾ. ਜੱਗੀ ਦੀ ਪੁਸਤਕ ਵਿਚੋਂ ਕਿਸੇ ਧਾਰਮਿਕ ਸੰਸਥਾ ਬਾਰੇ ਸਾਂਝਾ ਕਰਨਾ ਜ਼ਰੂਰੀ ਹੈ। ਪਹਿਲਾਂ ਡਾ. ਜੱਗੀ ਵੱਲੋਂ ਖੋਜ ਵਿਚ ਆਉਣ ਵਾਲੀਆਂ ਔਕੜਾਂ ਦਾ ਜ਼ਿਕਰ, ਡਾ. ਜੱਗੀ ਹੁਰਾਂ ਦੇ ਆਪਣੇ ਸ਼ਬਦਾਂ ਵਿਚ ਸਮਝੋ। 'ਖੋਜ ਲਈ ਅਜੇ ਖੇਤਰ ਬੜਾ ਵਿਸ਼ਾਲ ਹੈ' ਪਰ ਕਠਿਨਾਈਆਂ ਵੀ ਬਹੁਤ ਹਨ। ਖ਼ਾਸ ਕਰਕੇ ਜਿਨ੍ਹਾਂ ਪਾਸ ਪੁਰਾਣੀ ਸਮੱਗਰੀ ਹੈ, ਦਸਤਾਵੇਜ਼ ਜਾਂ ਹੱਥ ਲਿਖਤਾਂ ਹਨ, ਉਹ ਖੋਜੀਆਂ ਨੂੰ ਨੇੜੇ ਨਹੀਂ ਲੱਗਣ ਦਿੰਦੇ। ਫੇਰ ਖੋਜ ਧਰਮ ਨਿਰਪੱਖ ਹੋਣੀ ਚਾਹੀਦੀ ਹੈ ਅਤੇ ਇਸ ਲਈ ਸੰਸਥਾਵਾਂ ਅਤੇ ਦਾਨੀ ਪੁਰਸ਼ਾਂ ਨੂੰ ਵਧੇਰੇ ਖੁਲ੍ਹਦਿਲੀ ਨਾਲ ਮਾਇਆ ਜਟਾਉਣੀ ਚਾਹੀਦੀ ਹੈ, ਮੈਂ ਆਸ ਕਰਦਾ ਹਾਂ ਕਿ ਸ਼੍ਰੋਮਣੀ ਕਮੇਟੀ ਤੇ ਯੂਨੀਵਰਸਿਟੀਆਂ ਇਹਦੇ ਵੱਲ ਹੋਰ ਧਿਆਨ ਦੇਣਗੀਆਂ।

ਡਾ. ਜੱਗੀ ਹੁਰਾਂ ਨੇ ਆਪਣੇ ਵਿਭਾਗੀ ਕੰਮਾਂ ਤੇ ਪ੍ਰਾਜੈਕਟਾਂ ਵਿਚ ਰੁਝੇ ਹੋਣ ਕਾਰਣ ਸਿਰਫ਼ ਚਾਰ ਪੀ–ਐੱਚ.ਡੀ. ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕੀਤਾ। ਇਹ ਚਾਰੋਂ ਵਿਅਕਤੀ ਡਾ. ਰਵਿੰਦਰ ਸਿੰਘ ਰਵੀ, ਡਾ. ਨਰਿੰਦਰ ਸਿੰਘ ਕਪੂਰ, ਡਾ. ਮਨਮੋਹਣ ਕੇਸਰ ਅਤੇ ਮੈਡਮ ਕ੍ਰਿਸ਼ਨਾ ਬਾਂਸਲ ਹਨ। ਇਹ ਅੱਗੇ ਜਾ ਕੇ ਪੰਜਾਬੀ ਦੇ ਨਾਮਵਰ ਵਿਦਵਾਨ ਪ੍ਰਵਾਨ ਕੀਤੇ ਗਏ।

*ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥*
*ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥38॥*

ਆਪਣੀ ਇਸੇ ਪੁਸਤਕ ਵਿਚ ਡਾ. ਜੱਗੀ ਲਿਖਦੇ ਹਨ ਕਿ ਕੁਝ ਸਮੇਂ ਬਾਅਦ ਮੇਰੀ ਦਸਮ ਗ੍ਰੰਥ ਬਾਰੇ ਕੀਤੀ ਖੋਜ ਤੇ ਅਖ਼ਬਾਰਾਂ ਵਿਚ ਖਬਰਾਂ ਛਪਣ ਲੱਗ ਪਈਆਂ। ਮਾਮਲਾ ਸ਼੍ਰੋਮਣੀ ਗੁਰਦੁਆਰਾ ਕਮੇਟੀ ਤੀਕ ਪਹੁੰਚ ਗਿਆ। ਸ਼੍ਰੋਮਣੀ ਕਮੇਟੀ ਦੇ ਸਿੱਖ ਹਿਸਟਰੀ ਰਿਸਰਚ ਬੋਰਡ ਨੇ ਹੇਠ ਲਿਖੇ ਅਨੁਸਾਰ ਰੈਜ਼ੂਲੇਸ਼ਨ ਨੰਬਰ 102, ਮਿਤੀ 9–1–64 ਨੂੰ ਪਾਸ ਕਰਕੇ ਪੰਜਾਬੀ ਯੂਨੀਵਰਸਿਟੀ ਨੂੰ ਜਾਣਕਾਰੀ ਅਤੇ ਜ਼ਰੂਰੀ ਕਾਰਵਾਈ ਲਈ ਭੇਜ ਦਿੱਤਾ। ਇਤਰਾਜ਼ ਇਹ ਕੀਤਾ ਗਿਆ ਕਿ ਡਾ. ਜੱਗੀ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ ਮੰਨਦਾ। ਕਮਾਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਹ ਚਿੱਠੀ ਅੰਗ੍ਰੇਜ਼ੀ ਵਿਚ ਲਿਖ ਕੇ ਵਾਈਸ-ਚਾਂਸਲਰ ਨੂੰ ਭੇਜੀ ਜਿਸ ਦਾ ਸਾਰ ਇਹ ਸੀ ਕਿ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਇਹ ਤੱਥ ਧਿਆਨ ਵਿਚ ਆਇਆ

ਹੈ ਕਿ ਰਤਨ ਸਿੰਘ ਜੱਗੀ ਦਸਮ ਗ੍ਰੰਥ ਦੀ ਬਾਣੀ ਬਾਰੇ ਹਿੰਦੀ ਵਿਚ ਪੀ-ਐਚ. ਡੀ. ਦਾ ਥੀਸਿਸ ਪ੍ਰਸਤੁਤ ਕਰਨ ਜਾ ਰਹੇ ਹਨ। 'It is approve handed that the thesis contains certain contradictions to the belief. Therefore it is requested that before the approval of the Thesis the university must consult the Sikh ithas Research Baord to avoid any complications.' ਇਹ ਹੈ ਸਾਡੀ ਧਾਰਮਿਕ ਸੰਸਥਾ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦਾ ਆਪਣੇ ਧਰਮ ਪੰਜਾਬੀ ਭਾਸ਼ਾ ਅਤੇ ਵਿਦਵਾਨਾਂ ਪ੍ਰਤੀ ਰਵੱਈਆ।

ਡਾ. ਜੱਗੀ ਨੇ ਅੱਗੇ ਲਿਖਿਆ ਕਿ ਯੂਨੀਵਰਸਿਟੀ ਵੱਲੋਂ ਮੈਨੂੰ ਆਪਣਾ ਪੱਖ ਪੇਸ਼ ਕਰਨ ਲਈ ਪੱਤਰ ਭੇਜਿਆ ਗਿਆ। ਉਨ੍ਹਾਂ ਨੇ ਜਵਾਬ ਵਿਚ ਲਿਖਿਆ ਕਿ ਦਸਮ ਗ੍ਰੰਥ ਸੰਬੰਧੀ ਮੇਰਾ ਖੋਜ ਪ੍ਰਬੰਧ ਯੂਨੀਵਰਸਿਟੀ ਵਿਚ ਪਿਆ ਹੈ। ਮੈਂ ਤੱਥ-ਆਧਾਰਿਤ ਸੱਚ ਪੇਸ਼ ਕੀਤਾ ਹੈ। ਇਸ ਦੀ ਪੜਤਾਲ ਜਿਸ ਤੋਂ ਮਰਜ਼ੀ ਕਰਵਾਈ ਜਾ ਸਕਦੀ ਹੈ।

ਇਸ ਤੋਂ ਬਾਅਦ ਨਾ ਸ਼੍ਰੋਮਣੀ ਕਮੇਟੀ ਨੇ ਨਾ ਯੂਨੀਵਰਸਿਟੀ ਨੇ ਇਸ ਕੇਸ ਬਾਰੇ ਕੋਈ ਤੱਥ-ਘੋਖਣ ਵਾਲੀ ਕਮੇਟੀ ਬਣਾਈ। ਗੱਲ ਉਥੇ ਦੀ ਉਥੇ ਰਹਿ ਗਈ। ਬਲਕਿ ਬਾਅਦ ਵਿਚ ਇਸ ਬਹਿਸ ਬਾਰੇ ਜਿੰਨੀਆਂ ਸ਼ੰਕਾਵਾਂ ਕਮੇਟੀ ਨੂੰ ਮਿਲਦੀਆਂ ਰਹੀਆਂ, ਉਹ ਰਾਇ ਲੈਣ ਲਈ ਡਾ. ਜੱਗੀ ਨੂੰ ਹੀ ਭੇਜ ਦਿੰਦੇ ਸਨ। ਇਉਂ ਹੀ ਇਕ ਪੁਸਤਕ ਸ਼ਬਦ ਮੂਰਤ ਬਾਰੇ ਡਾ. ਜੱਗੀ ਨੂੰ ਪੁਸਤਕ ਭੇਜ ਕੇ ਅਤੇ ਪੱਤਰ ਰਾਹੀਂ ਉਨ੍ਹਾਂ ਦੀ ਰਾਇ ਮੰਗੀ। ਡਾ. ਜੱਗੀ ਲਿਖਦੇ ਹਨ ਕਿ ਪ੍ਰੋਖ ਰੂਪ ਵਿਚ ਕਮੇਟੀ ਨੇ ਮੈਨੂੰ ਆਪਣਾ ਸਲਾਹਕਾਰ ਬਣਾ ਲਿਆ।[9] ਆਪਣੀ ਆਪਣੀ ਦ੍ਰਿਸ਼ਟੀ ਹੈ।

*ਨਿਗਾਹ-ਏ-ਕਹਿਰ ਕੋ ਗੁਲਸ਼ਨ ਨਜ਼ਰ ਆਤਾ ਹੈ ਵੀਰਾਨਾ।*
*ਨਿਗਾਹ-ਇ-ਮਿਹਰ ਵੀਰਾਨੇ ਮੇਂ ਗੁਲਸ਼ਨ ਢੂੰਡ ਲੇਤੀ ਹੈ।*[10] (ਇਕਬਾਲ)

ਚੰਗੇ ਲੋਕਾਂ ਅਤੇ ਚੰਗਿਆਈ ਦਾ ਬੀਜ ਨਾਸ਼ ਨਹੀਂ ਹੁੰਦਾ। ਇਹ ਪੰਜਾਬੀ ਲੋਕਧਾਰਾ ਦੀ ਇਕ ਪਰਪੱਕ ਧਾਰਨਾ ਹੈ ਡਾ. ਜੱਗੀ ਨੇ ਮਾੜੇ ਅਤੇ ਚੰਗੇ ਦੋਹਾਂ ਤਰ੍ਹਾਂ ਦੇ ਮਨੁੱਖਾਂ ਨਾਲ ਬੜੀ ਦ੍ਰਿੜ੍ਹਤਾ ਤੇ ਸਾਇਸ਼ਤਗੀ ਨਾਲ ਲੜਾਈਆਂ ਲੜੀਆਂ ਹਨ। ਪਤਨੀ ਦੀ ਕੈਂਸਰ ਨਾਲ ਮੌਤ, ਪੁੱਤਰ ਦਾ ਸਦੀਵੀ ਵਿਛੋੜਾ, ਦੂਜਾ ਵਿਆਹ ਪੰਜਾਬੀ ਵਿਦਵਾਨਾਂ ਦੀ ਵਾਧੂ ਦੀ ਈਰਖਾ ਦੀ ਅਤੇ ਵਿਰੋਧਤਾ ਨੂੰ ਡਾ. ਜੱਗੀ ਨੇ ਮਰਦ-ਇ-ਮੁਜਾਹਿਦ ਬਣ ਕੇ ਟਾਕਰਾ ਕੀਤਾ। ਅਲਾਮਾ ਇਕਬਾਲ ਦੇ ਇਕ ਸ਼ਿਅਰ ਦਾ ਹਵਾਲਾ ਵੀ ਦਿੱਤਾ ਹੈ :

*ਤੁੰਦੀ ਏ-ਬਾਦੇ ਮੁਖਾਲਿਫ਼ ਸੇ ਨਾ ਘਬਰਾ ਐ ਉਕਾਬ।*
*ਯੇ ਤੋ ਚਲਤੀ ਹੈ ਤੁਝੇ ਊਚਾ ਉੜਾਨੇ ਕੇ ਲੀਏ।*

ਪਹਿਲੀ ਸ਼੍ਰੋਮਣੀ ਕਮੇਟੀ ਵਾਲੀ ਘਟਨਾ ਦੇ ਜਵਾਬ ਵਿਚ ਇਕ ਮਨ ਨੂੰ ਹੁਲਾਰਾ ਅਤੇ ਹੌਂਸਲਾ ਦੇਣ ਵਾਲੀ ਘਟਨਾ ਵੀ ਸਾਂਝੀ ਕਰਦੇ ਹਾਂ ਤਾਂ ਕਿ ਮੁਲਾਂਕਣ ਦਾ ਸੰਤੁਲਨ ਬਣਿਆ ਰਹੇ।

ਪਹਿਲੇ ਸਮਿਆਂ ਵਿਚ ਵਾਈਸ-ਚਾਂਸਲਰ ਤਕਰੀਬਨ ਤਕਰੀਬਨ ਆਪਣੀ ਯੋਗਤਾ ਨਾਲ ਲਗਦੇ ਸਨ। ਅੱਜ ਕੱਲ੍ਹ ਜੁਗਾੜਾਂ ਨਾਲ ਕੰਮ ਚਲਦਾ ਹੈ। ਜਿਸਦਾ ਜੁਗਾੜ ਲਗ ਗਿਆ, ਉਹ ਵਿਦਵਾਨ ਬਣ ਜਾਂਦਾ ਹੈ। ਰਾਜਨੀਤਕ ਢਾਂਚੇ ਜਾਂ ਹਸਤੀਆਂ ਦਾ ਆਸ਼ੀਰਵਾਦ ਪ੍ਰਾਪਤ ਨਾ ਕਰ ਸਕਣ। 'ਯੋਗ' ਵਿਅਕਤੀ, ਵਕਤ ਕਟੀ ਕਰਦੇ ਰਹਿੰਦੇ ਹਨ। ਉਂਝ ਵਾਈਸ ਚਾਂਸਲਰ ਦੇ ਉੱਚੇ ਅਹੁਦੇ ਲਈ ਸਰਕਾਰ ਨੂੰ ਅਰਜ਼ੀਆਂ ਮੰਗਣ ਦੀ ਥਾਂ ਅਤੇ ਆਮ ਨੌਕਰੀਆਂ ਲਈ ਕੀਤੀ ਜਾਣ ਵਾਲੀ ਇੰਟਰਵਿਊ ਦੀ ਥਾਂ, ਕਿਸੇ ਨਾਮਵਰ ਅਤੇ ਇਮਾਨਦਾਰ ਬੰਦੇ ਨੂੰ ਆਪ ਲੱਭਣਾ ਚਾਹੀਦਾ ਹੈ। ਵਾਈਸ-ਚਾਂਸਲਰ ਬਣਨ ਵਾਲੇ ਵਿਅਕਤੀ ਯੂਨੀਵਰਸਿਟੀ ਅਤੇ ਸਰਕਾਰ ਲਈ ਇਹ ਢੰਗ ਵਧੇਰੇ ਇੱਜ਼ਤਦਾਰ ਅਤੇ ਪਾਰਦਰਸ਼ੀ ਹੋ ਸਕਦਾ ਹੈ।

ਸਾਡੀ ਯੂਨੀਵਰਸਿਟੀ ਵਿਚੋਂ ਡਾ. ਜੱਗੀ 31 ਜੁਲਾਈ, 1987 ਨੂੰ ਸੇਵਾ-ਮੁਕਤ ਹੋ ਗਏ। ਯੂਨੀਵਰਸਿਟੀ ਸਿੰਡੀਕੇਟ ਵਿਚ ਡਾ. ਜੱਗੀ ਨੂੰ ਸੇਵਾਮੁਕਤ ਹੋਣ ਬਾਅਦ ਮਿਲਣ ਵਾਲੇ ਭੱਤਿਆਂ ਦੀ ਆਈਟਮ ਚਰਚਾ ਹਿਤ ਪੇਸ਼ ਹੋਈ ਸੀ। ਡਾ. ਭਗਤ ਸਿੰਘ, ਵਾਈਸ-ਚਾਂਸਲਰ ਵਲੋਂ ਜਦੋਂ ਮੀਟਿੰਗ ਬਾਰੇ ਹੋਮਵਰਕ ਕਰਦਿਆਂ ਇਹ ਆਈਟਮ ਪੜ੍ਹੀ ਗਈ ਤਾਂ ਯੂਨੀਵਰਸਿਟੀ ਵਿਚ ਡਾ. ਜੱਗੀ ਦੇ ਕੰਮ ਤੋਂ ਪ੍ਰਸੰਨ ਹੋ ਕੇ ਤੁਰੰਤ ਆਪਣੇ ਸੈਕਟਰੀ ਸ. ਤੀਰਥ ਸਿੰਘ ਨੂੰ ਬੁਲਾਇਆ ਤੇ ਉਨ੍ਹਾਂ ਦੇ ਘਰ ਭੇਜਿਆ ਕਿ ਜੱਗੀ ਸਾਹਿਬ ਦੀ ਅਗਲੇ ਦੋ ਸਾਲਾਂ ਦੀ ਨਿਯੁਕਤੀ ਲਈ ਦੋ ਅੱਖਰ ਲਿਖਵਾ ਲਿਆਓ। ਜੱਗੀ ਸਾਹਿਬ ਦੇ ਸ਼ਬਦਾਂ ਵਿਚ 'ਸ. ਤੀਰਥ ਸਿੰਘ ਮੇਰੇ ਘਰ ਆਏ। ਉਦੋਂ ਮੈਂ ਕੁਝ ਅਸਮਰੱਥ ਸਾਂ। ਉਨ੍ਹਾਂ ਨੇ ਮੇਰਾ ਹਾਲ ਚਾਲ ਪੁੱਛਿਆ ਅਤੇ ਵੀ.ਸੀ. ਸਾਹਿਬ (ਡਾ. ਭਗਤ ਸਿੰਘ ਜੀ) ਦੀ

ਇੱਛਾ ਪ੍ਰਗਟ ਕੀਤੀ। ਮੈਂ ਹੈਰਾਨ ਹੋਇਆ ਕਿ ਕੰਮ ਦੀ ਕਦਰ ਕਰਨ ਵਾਲੇ ਅਜਿਹੇ ਵੀ.ਸੀ. ਵੀ ਹਨ।[11] ਖ਼ੁਦਾ ਦਾ ਸ਼ੁਕਰ ਹੈ।

ਅੱਜ ਕੱਲ੍ਹ ਯੂਨੀਵਰਸਿਟੀਆਂ ਵਿਚ ਹੀ ਨਹੀਂ ਸਗੋਂ ਸਾਰੇ ਅਦਾਰਿਆਂ ਵਿਚ ਸੰਸਥਾ ਦੇ ਕੰਮ ਨੂੰ ਆਪਣੇ ਘਰ ਦਾ ਕੰਮ ਸਮਝ ਕੇ ਜਾਂ ਨੌਕਰੀ ਦਾ ਪਵਿੱਤਰ ਫ਼ਰਜ਼ ਸਮਝ ਕੇ ਕੰਮ ਕਰਨ ਵਾਲੇ ਬੰਦੇ ਉਂਗਲਾਂ ’ਤੇ ਗਿਣਨ ਜੋਗੇ ਰਹਿ ਗਏ ਹਨ। ਇਸ ਤੋਂ ਵੀ ਵੱਧ ਕੰਮ ਕਰਨ ਵਾਲੇ ਤੇ ਮਿਹਨਤੀ ਕਾਮੇ ਨੂੰ ਵਿਹਲੜ ਟੋਲਾ ਮੂਰਖ ਸਮਝ ਕੇ ਮਖੌਲਾਂ ਕਰਨ ਅਤੇ ਇਹ ਕਹਿਣ ਵਾਲੇ ‘ਦੇਖਾਂਗੇ ਤੇਰੇ ਕਿਹੜਾ ਤਮਗਾ ਲਗਦਾ ਹੈ ਜੋ ਸਾਡੇ ਨਾਮ ਨਾਲ ਨਹੀਂ ਲੱਗੂ।’ ਡਾ. ਜੱਗੀ ਸਾਹਿਬ ਨੇ ਜੀਵਨ ਦਾ ਇਕ ਇਕ ਸਵਾਸ ਦ੍ਰਿੜ੍ਹਤਾ, ਮਿਹਨਤ, ਈਮਾਨਦਾਰੀ ਅਤੇ ਆਪਣੀ ਖੋਜ ਕਰਨ ਦੇ ਲੇਖੇ ਲਾਇਆ ਹੈ। ਹੁਣ ਹਾਲ ਇਹ ਹੋਇਆ ਪਿਆ ਹੈ ਕਿ ਨਿਕੰਮੇ ਬੰਦਿਆਂ ਤੋਂ ਦਸ ਵਾਰ ਕਹਿ ਕੇ ਕੰਮ ਕਰਾਉਣ ਨਾਲੋਂ ਬੰਦਾ ਆਪ ਕੰਮ ਕਰਨਾ ਬਿਹਤਰ ਸਮਝਦਾ ਹੈ। ਕੰਮ ਕਰਾਉਣ ਨਾਲੋਂ ਖ਼ੁਦ ਕੰਮ ਕਰ ਲੈਣਾ ਕਿਤੇ ਸੌਖਾ ਹੈ। ਡਾ. ਜੱਗੀ ਖੋਜ ਦੇ ਨਾਲ-ਨਾਲ ਸਾਹਿਤ ਅਧਿਐਨ ਵਿਭਾਗ ਦਾ ਲੰਮਾ ਸਮਾਂ ਮੁਖੀ ਵੀ ਰਹੇ। ਉਨ੍ਹਾਂ ਦਾ ਪ੍ਰਬੰਧਕੀ ਤਜਰਬਾ ਅਤੇ ਦ੍ਰਿਸ਼ਟੀ ਵੀ ਆਪ ਸਭ ਨਾਲ ਸਾਂਝੀ ਕਰਨੀ ਭਲਾ ਕੰਮ ਲੱਗਦਾ ਹੈ।

ਆਪ ਲਿਖਦੇ ਹਨ ‘ਵਿਭਾਗ ਦਾ ਕੰਮ ਚਲਾਉਣਾ ਬਹੁਤ ਔਖਾ ਸੀ। ਹਰ ਇਕ ਦੀ ਇੱਛਾ ਅਨੁਸਾਰ ਪੂਰਾ ਉਤਰਨਾ ਮੇਰੇ ਲਈ ਸੰਭਵ ਨਹੀਂ ਸੀ। ਵਿਵਸਾਇਕ ਕਰਮ-ਖੇਤਰ ਵਿਚ ਧੁਪ-ਛਾਂ ਵਾਂਗ ਦਰਪੇਸ਼ ਯਸ਼ ਅਤੇ ਨਿੰਦਿਆ ਤੋਂ ਬੇਲਾਗ ਮੱਧ ਮਾਰਗ ਦਾ ਅਨੁਸਰਣ ਕਰਨਾ ਜ਼ਰੂਰੀ ਸੀ। ਯਾਤਰੀ ਨੇ ਮੰਜ਼ਿਲ ਵੱਲ ਵਧਣਾ ਹੁੰਦਾ ਹੈ, ਰਾਹ ਦੇ ਸੁਖਾਵੇਂ ਦ੍ਰਿਸ਼ ਨੂੰ ਵੇਖ ਕੇ ਨਾ ਲਲਚਾਣਾ ਚਾਹੀਦਾ ਹੈ ਤੇ ਨਾ ਹੀ ਕਿਸੇ ਕੰਡਿਆਲੀ ਝਾੜੀ ਨਾਲ ਆਪਣੇ ਬਸਤਰਾਂ ਨੂੰ ਉਲਝਾ ਕੇ ਸਮਾਂ ਨਸ਼ਟ ਕਰਨਾ ਚਾਹੀਦਾ ਹੈ। ਸਾਧਕ ਦਾ ਉਦੇਸ਼ ਹੈ ਸਿੱਧੀ ਪ੍ਰਾਪਤ ਕਰਨਾ, ਰਾਹ ਦੇ ਝਾੜ ਝੱਖੜ ਨੂੰ ਦੂਰ ਕਰਨਾ ਵਿਧਾਤਾ ਦਾ ਕੌਤਕ ਹੈ। ਇਹ ਹੈ ਮੇਰੇ ਜੀਵਨ ਦਾ ਅਸੂਲ ਅਤੇ ਇਸ ਉੱਤੇ ਚੱਲ ਕੇ ਮੈਂ ਵਿਭਾਗ ਦਾ ਕੰਮ ਚਲਾਇਆ ਸੀ ਅਤੇ ਪੂਰੀ ਦ੍ਰਿੜ੍ਹਤਾ ਨਾਲ ਚਲਾਇਆ ਸੀ। ਵਿਭਾਗ ਦੀ ਪਛਾਣ ਬਣ ਗਈ ਸੀ।[12]

ਲੇਖ ਕਾਫ਼ੀ ਲੰਬਾ ਹੋ ਗਿਆ ਹੈ। ਪਰੰਤੂ ਦੋ ਘਟਨਾਵਾਂ ਦਾ ਅਤਿ ਸੰਖੇਪ ਵਰਣਨ ਤੁਹਾਨੂੰ ਤਰੋਤਾਜ਼ਾ ਕਰ ਦੇਵੇਗਾ। ਪਹਿਲੀ ਘਟਨਾ ਇਹ ਹੈ 25 ਮਈ, 1963 ਨੂੰ ਆਪ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਲੈਕਚਰਾਰ ਚੁਣ ਲਿਆ ਗਿਆ। ਇਸ ਤੋਂ ਬਾਅਦ ਦਿੱਲੀ ਜਾ ਕੇ ਇਕ ਦਿਨ ਉਹ ਪੰਜਾਬੀ ਦੇ ਵੱਡੇ ਵਿਦਵਾਨ ਡਾ. ਹਰਿਭਜਨ ਸਿੰਘ ਨੂੰ ਮਿਲਣ ਲਈ ਉਨ੍ਹਾਂ ਦੀ ਰਿਹਾਇਸ਼ ’ਤੇ ਕਰੋਲ ਬਾਗ ਗਏ। ਡਾ. ਹਰਿਭਜਨ ਸਿੰਘ ਉਨ੍ਹਾਂ ਨੂੰ ਆਪਣੇ ਇਕ ਦੋਸਤ ਵਕੀਲ ਅਮੀਰ ਚੰਦ ਖੰਨਾ ਨੂੰ ਨਾਲ ਲੈ ਕੇ ਕਿਸੇ ਕੈਫੇ ਤੇ ਕੌਫੀ ਪੀਣ ਚਲੇ ਗਏ। ਉਨ੍ਹਾਂ ਨੇ ਡਾ. ਜੱਗੀ ਦੀ ਜਾਣ ਪਛਾਣ ਕਰਾਈ ਤੇ ਨਾਲ ਬੇਨਤੀ ਕੀਤੀ ਕਿ ਇਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਲੈਕਚਰਾਰ ਨਿਯੁਕਤ ਹੋ ਗਏ ਹਨ। ਇਨ੍ਹਾਂ ਨੂੰ ਜੀਵਨ ਵਿਚ ਕਾਮਯਾਬ ਹੋਣ ਵਾਲੀ ਕੋਈ ਨਸੀਹਤ ਦਿਓ। ਖੰਨਾ ਸਾਹਿਬ ਨੇ ਕਿਹਾ, ‘ਜੀਵਨ ਪਿਛ-ਲਗ ਹੋ ਕੇ ਨਹੀਂ ਬਿਤਾਉਣਾ ਚਾਹੀਦਾ। ਜੋ ਕੁਝ ਕਰਨਾ ਹੈ ਆਪਣੇ ਆਪ ਉੱਤੇ ਨਿਰਭਰ ਹੋ ਕੇ ਕਰੋ, ਕਿਸੇ ਦੀ ਗ਼ੁਲਾਮੀ ਤੋਂ ਦੂਰ ਰਹੋ। ਆਪਣੇ ਜੀਵਨ ਦੀ ਵਾਗਡੋਰ ਆਪਣੇ ਹੱਥ ਵਿਚ ਰੱਖੋ।’[13] ਇਹ ਕਹਿ ਕੇ ਉਨ੍ਹਾ ਇਕ ਇਤਿਹਾਸਕ ਘਟਨਾ ਸੁਣਾਈ। ਮੁਖ ਰੂਪ ਵਿਚ ਕਹਾਣੀ ਇਹ ਸੀ ਕਿ ਨਾਦਰ ਸ਼ਾਹ ਨੇ ਮੁਗ਼ਲਾਂ ਨੂੰ ਹਰਾ ਕੇ ਦਿੱਲੀ ਫ਼ਤਿਹ ਕਰ ਲਈ। ਮੁਗ਼ਲਾ ਨੇ ਉਸ ਨੂੰ ਖੁਸ਼ ਕਰਨ ਲਈ ਇਕ ਹਾਥੀ ਖ਼ੂਬ ਸਜਾ ਕੇ ਉਸ ਉੱਪਰ ਸੋਨੇ ਦੀ ਬਹੁਤ ਸੁੰਦਰ ਅੰਬਾਰੀ ਬਣਾ ਕੇ, ਨਾਦਰ ਸ਼ਾਹ ਨੂੰ ਉਸ ਵਿਚ ਬੈਠਣ ਲਈ ਕਿਹਾ ਗਿਆ।

ਜਦੋਂ ਨਾਦਰਸ਼ਾਹ ਹਾਥੀ ’ਤੇ ਚੜ੍ਹਿਆ, ਮਹਾਵਤ ਨੇ ਹਾਥੀ ਕਦਮ ਅੱਗੇ ਤੋਰਿਆ ਅਤੇ ਨਾਦਰਸ਼ਾਹ ਨੇ ਮਹਾਵਤ ਨੂੰ ਪੁੱਛਿਆ ਕਿ ‘ਅਨਾਨਸ ਕੁਲਾ ਅਸਤ (ਲਗਾਮ ਕਿੱਥੇ ਹੈ) ਫ਼ੀਲਬਾਨ ਕਹਿਣ ਲੱਗਾ ‘ਆਲੀਜ਼ਾਹ’ ਫ਼ੀਲ ਅਨਾਨਸ ਨਦਾਰਦ’ ਜਜ਼ੂਬ ਹਾਥੀ ਦੀ ਲਗਾਮ ਨਹੀਂ ਹੁੰਦੀ। ਨਾਦਰਸ਼ਾਹ ਨੇ ਹਾਥੀ ਨੂੰ ਚੱਲਣੋਂ ਰੁਕਵਾ ਦਿੱਤਾ। ਕਿਹਾ ਮੈਂ ਉਸ ਵਾਹਨ ਦੀ ਸਵਾਰੀ ਨਹੀਂ ਕਰਾਂਗਾ ਜਿਸ ਦੀ ਲਗਾਮ ਕਿਸੇ ਹੋਰ ਦੇ ਹੱਥ ਵਿਚ ਹੋਵੇ। ਆਪਣਾ ਘੋੜਾ ਮੰਗਵਾਇਆ। ਉਸ ਉਪਰ ਸਵਾਰ ਹੋ ਕੇ ਲਗ਼ਾਮਾਂ ਖਿੱਚੀਆਂ ਤੇ ਕਹਿਣ ਲੱਗਾ ਹੁਣ ਚਲੋ।[14]

ਅੰਗ੍ਰੇਜ਼ੀ ਵਿਚ ਕਹਿੰਦੇ ਹਨ ‘Tough times never stay tough persons do’ ਕੋਈ ਆਫ਼ਤ ਤੇ ਨਹੀਂ ਆ ਜਾਣੀ, ਇਸ ਸਮੇਂ ਨੇ ਵੀ ਲੰਘ ਜਾਣਾ ਏ। ਡਾ. ਜੱਗੀ ਅਜਿਹੀ ਸ਼ਖ਼ਸੀਅਤ ਦੇ ਮਾਲਿਕ ਹਨ ਕਿ ਜੋ

ਜ਼ਿੰਦਗੀ ਦੇ ਵੱਡੇ ਤੋਂ ਵੱਡੇ ਝੱਖੜ ਵਿਚ ਵੀ 'ਬੋਹੜ' ਬਣ ਕੇ ਖੜ੍ਹੇ ਰਹੇ। ਨਾ ਹੀ ਡੋਲੇ ਅਤੇ ਨਾ ਹੀ ਆਪਣਾ ਕੰਮ ਕਰਨਾ ਛੱਡਿਆ ਤੇ ਨਾ ਹੀ ਬੇਦਿਲੀ ਦਿਖਾ ਕਿ ਜ਼ਿੰਦਗੀ ਦੇ ਮੈਦਾਨ ਵਿਚੋਂ ਭੱਜੇ।

ਆਪਣੀ ਪਹਿਲੀ ਪਤਨੀ ਦੀ ਬਿਮਾਰੀ ਦੇ ਅਨੁਭਵ ਬਾਰੇ ਲਿਖਦੇ ਹਨ ਕਿ ਘਰ ਵਿਚ ਹੀ ਆਕਸੀਜਨ ਦਾ ਪ੍ਰਬੰਧ ਕੀਤਾ ਗਿਆ ਅਤੇ ਜ਼ਿੰਦਗੀ ਦੀ ਹਨੇਰੀ ਘੜੀ ਦੀ ਉਡੀਕ ਕਰਨ ਲੱਗਾ। 24 ਮਾਰਚ, 1975 ਨੂੰ ਸਵੇਰ ਵੇਲੇ ਰਾਜ ਸਾਥ ਛੱਡ ਗਈ। ਬੜਾ ਉਦਾਸੀ ਦਾ ਸਮਾਂ ਸੀ, ਦੁੱਖਾਂ ਦੇ ਜੰਗਲ ਵਿਚ ਭਟਕੇ ਮਨੁੱਖ ਵਾਂਗ। ਕਈ ਦਿਨ ਇਸ ਤਰ੍ਹਾਂ ਨਿਕਲ ਗਏ। ਸਾਰਾ ਦੁਖ ਘੁਟ ਘੁਟ ਕਰਕੇ ਪੀਤਾ। ਆਖ਼ਰ ਇਕ ਰਾਤ ਸੋਚਾਂ ਵਿਚ ਡੁੱਬੇ ਨੂੰ ਅਚਾਨਕ ਅੰਦਰੋਂ ਆਵਾਜ਼ ਆਈ, ਉਠ ਅਜੇ ਤੂੰ ਬੜੇ ਕੰਮ ਕਰਨੇ ਹਨ। ਢੋਲਕ ਵਜਾਇਆਂ ਹੀ ਵੱਜਦੀ ਹੈ। ਸੰਸਾਰ ਵਿਚ ਜੀਣ ਲਈ ਸੰਘਰਸ਼ ਕਰਨਾ ਜ਼ਰੂਰੀ ਹੈ। ਦੋਬਾਰਾ ਪਰਿਵਾਰ ਚਲਾ, ਹਿੰਮਤ ਕਰ, ਤੇਰਾ ਮਾਰਗ ਖ਼ੁਦ-ਬ-ਖ਼ੁਦ ਮੋਕਲਾ ਹੁੰਦਾ ਚਲਾ ਜਾਏਗਾ।[15]

ਡਾ. ਜੱਗੀ ਹੁਰੀਂ ਪੰਜਾਬੀ ਸਾਹਿਤ ਜਗਤ ਦੇ ਤਪ-ਸਾਧਨਾ ਵਾਲੇ ਰਿਸ਼ੀ ਹਨ। ਜਿੰਨਾ ਖੋਜ ਕਾਰਜ ਉਨ੍ਹਾਂ ਨੇ ਕੀਤਾ ਹੈ, ਨਿੱਜੀ ਤੌਰ 'ਤੇ ਤਾਂ ਕੀ ਕਿਸੇ ਸੰਸਥਾ/ਵਿਭਾਗ ਨੇ ਵੀ ਇੰਨਾ ਕੰਮ ਨਹੀਂ ਕੀਤਾ ਹੋਣਾ। ਇੰਨੇ ਵਿਦਵਾਨ ਹੋ ਕੇ ਇੰਨੇ ਨਿਮਰ ਸਹਾਇਤਾ ਕਰਨ ਵਾਲੇ, ਮਿੱਠ-ਬੋਲੜੇ ਅਤੇ ਮੁਆਫ਼ ਕਰਨ ਵਾਲੇ ਵਿਦਵਾਨ ਨੂੰ ਕੁਦਰਤ ਨੇ ਜੇ ਇਕ ਦਰਵਾਜ਼ਾ ਬੰਦ ਕੀਤਾ ਤਾਂ ਦਸ ਖੋਲ੍ਹ ਵੀ ਦਿੱਤੇ। ਮੈਡਮ ਰਾਜ ਦੇ ਸਦੀਵੀ ਵਿਛੋੜੇ ਬਾਅਦ ਸਾਡੇ ਅਤਿ ਸਤਿਕਾਰਯੋਗ, ਮੈਡਮ ਗੁਰਸ਼ਨਰ ਕੌਰ ਜੱਗੀ ਨੇ, ਜਿਵੇਂ ਜੱਗੀ ਸਾਹਿਬ ਦੇ ਖੋਜ ਕਾਰਜ ਵਿਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਤਿਆਗ ਕੀਤਾ। ਸਮਾਜਕ ਤੌਰ 'ਤੇ ਜੱਗੀ ਸਾਹਿਬ ਦੇ ਘਰ ਗ੍ਰਹਿਸਥ ਨੂੰ ਇੰਨੇ ਪਿਆਰ, ਅਪਣੱਤ ਅਤੇ ਜ਼ਿੰਮੇਵਾਰੀ ਨਾਲ ਨਿੱਜੀ ਤੌਰ 'ਤੇ ਡਾ. ਜੱਗੀ ਦੀ ਸੇਵਾ ਸੰਭਾਲ ਅੱਜ ਵੀ ਕਰ ਰਹੇ ਹਨ। ਉਹ ਤਿਆਗ ਸੇਵਾ ਤੇ ਨਿਰਮਾਣਤਾ ਦੇ ਪੁੰਜ ਹਨ। ਸਾਡਾ ਛੋਟਾ ਵੀਰ ਮਾਲਵਿੰਦਰ ਸਿੰਘ ਜੱਗੀ, ਆਈ.ਏ.ਐੱਸ ਅਤੇ ਉਨ੍ਹਾਂ ਦੀ ਸੁਪਤਨੀ ਅਤੇ ਬੱਚੇ ਉਨ੍ਹਾਂ ਦਾ ਇੰਨਾ ਖ਼ਿਆਲ ਰਖਦੇ ਹਨ ਕਿ ਅੱਜ ਦੇ ਆਪਾ ਧਾਪੀ ਅਤੇ ਮਾਇਆ ਮੁਖੀ ਮਾਹੌਲ ਵਿਚ ਅਜਿਹੇ ਬੱਚੇ ਲੱਭਣੇ ਮੁਸ਼ਕਿਲ ਹਨ। 'ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰਿ॥' ਡਾ. ਸਾਹਿਬ ਦੇ ਸਾਰੇ ਦੁਖ ਪਰਿਵਾਰ ਨੇ ਭੁਲਾ ਦਿੱਤੇ ਹਨ। ਸਾਰਾ ਪਰਿਵਾਰ ਇਸ ਲਈ ਵਧਾਈ ਦਾ ਅਧਿਕਾਰੀ ਹੈ।

ਡਾ. ਜੱਗੀ ਨੇ ਖੋਜ-ਖੇਤਰ ਵਿਚ ਨਿੱਜੀ ਤੌਰ 'ਤੇ ਗੁਣਾਤਮਿਕ ਅਤੇ ਗਿਣਾਤਮਿਕ ਦੋਹਾਂ ਪੱਖਾਂ ਤੋਂ ਬਹੁਤ ਮਹੱਤਵਪੂਰਨ ਅਤੇ ਵਿਸ਼ਾਲ ਕੰਮ ਕੀਤਾ ਹੈ। ਉਨ੍ਹਾਂ ਅਨੇਕ ਐੱਮ.ਏ., ਐੱਮ.ਫਿਲ., ਪੀ-ਐੱਚ. ਡੀ. ਦੇ ਵਿਦਿਆਰਥੀਆਂ ਦੀ ਵੀ ਖੋਜ ਨਿਰਦੇਸ਼ਨਾ ਕੀਤੀ। ਉਨ੍ਹਾਂ ਦੀ ਅੰਤਿਮ-ਕਥਾ ਵਿਚ ਉਨ੍ਹਾਂ ਨਾਲ ਕੁਝ ਪੰਜਾਬੀ ਸਾਹਿਤ ਦੇ ਉੱਘੇ ਵਿਦਵਾਨਾਂ ਅਤੇ ਇਤਿਹਾਸ ਦੇ ਵਿਦਵਾਨਾਂ ਵਲੋਂ ਸਾਹਿਤਕ ਠੱਗੀਆਂ ਵੀ ਮਾਰੀਆਂ ਗਈਆਂ। ਪਰ ਇਹ ਸਭ ਕੁੜੱਤਣਾਂ ਅਤੇ ਔਕੜਾਂ ਨੂੰ ਜੱਗੀ ਸਾਹਿਬ ਨੇ ਭਗਵਾਨ ਸ਼ਿਵ ਜੀ ਦੇ ਆਸ਼ੀਰਵਾਦ ਨਾਲ ਵਿਸ਼ ਨੂੰ ਅੰਮ੍ਰਿਤ ਸਮਝ ਕੇ ਪੀ ਲਿਆ। ਮੇਰੀ ਕਲਮ ਆਗਿਆ ਨਹੀਂ ਦਿੰਦੀ ਕਿ ਅਜਿਹੇ 'ਮਹਾਂਪੁਰਸ਼ਾਂ' ਦੇ ਧਰਤੀ ਉੱਪਰੋਂ ਸਵਰਗ ਵਿਚ ਚਲੇ ਜਾਣ ਬਾਅਦ, ਉਨ੍ਹਾਂ ਦਾ ਜ਼ਿਕਰ ਕਰ ਕੇ ਕਿਸੇ ਤਰ੍ਹਾਂ ਉਨ੍ਹਾਂ ਦੀ ਨਿੰਦਿਆ ਕੀਤੀ ਜਾਵੇ। ਗੁਰਬਾਣੀ ਵੀ ਇਹੋ ਸੁਨੇਹਾ ਦਿੰਦੀ ਹੈ, 'ਨਿੰਦਾ ਭਲੀ ਕਿਸੇ ਕੀ ਨਾਹੀ ਮਨਮੁਖ ਮੁਗਧ ਕਰੰਨਿ॥'[16] ਡਾ.ਜੱਗੀ ਵੱਡੇ ਦਿਲ ਵਾਲੇ ਵਿੱਡੇ ਵਿਦਵਾਨ ਹਨ। 1857 ਦੇ ਗ਼ਦਰ ਤੋਂ ਬਾਅਦ ਮਿਰਜ਼ਾ ਗ਼ਾਲਿਬ ਨੇ ਆਪਣੇ ਦੋਸਤ ਨੂੰ ਇਕ ਖ਼ਤ ਵਿਚ ਲਿਖਿਆ ਸੀ ਕਿ 'ਜਦੋਂ ਮੋਤੀਆਂ ਦੇ ਮਣਕੇ ਤੁਹਾਡੇ ਰਾਹ ਵਿਚ ਪਏ ਹੋਣ ਫਿਰ ਕਣਕ ਦੇ ਦਾਣੇ ਚੁਗਣ ਦਾ ਕੋਈ ਅਰਥ ਨਹੀਂ ਰਹਿੰਦਾ।' ਗ਼ਾਲਿਬ ਬੀਤ ਰਹੇ ਜਾਗ਼ੀਰਦਾਰੀ ਮੁਗ਼ਲ ਪ੍ਰਬੰਧ ਦੀ ਥਾਂ ਅੰਗਰੇਜ਼ੀ ਦੀ ਆਮਦ ਨੂੰ ਇਕ ਪ੍ਰਗਤੀਸ਼ੀਲ ਦ੍ਰਿਸ਼ਟੀ ਤੋਂ ਵੇਖਦਾ ਸੀ।

ਡਾ. ਜੱਗੀ ਦੇ ਜੀਵਨ ਫਲਸਫੇ ਦਾ ਨਿਚੋੜ ਪੇਸ਼ ਕਰਨ ਲਈ ਅੰਤਿਮ ਦੌਰ ਵਿਚ ਉਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਬਾਰੇ ਕੀਤੀ ਟਿੱਪਣੀ ਰਾਹੀਂ ਆਪਣਾ ਇਹ ਤਿਲ-ਫੁਲ ਗੁਰੂ ਦੇਵ ਨੂੰ ਬੜੇ ਅਦਬ ਅਤੇ ਨਿਮਰਤਾ ਨਾਲ ਪੇਸ਼ ਕਰਦਿਆਂ ਆਗਿਆ ਲੈਂਦਾ ਹਾਂ : 'ਗੁਰੂ ਗ੍ਰੰਥ ਸਾਹਿਬ ਭਾਰਤੀ ਸੰਸਕ੍ਰਿਤੀ ਦਾ ਗੌਰਵ ਗ੍ਰੰਥ ਹੈ, ਇਹ ਇਕ ਸਰਬ ਸਾਂਝਾ ਗ੍ਰੰਥ ਹੈ, ਜਿਸ ਵਿਚ ਕਿਸੇ ਇਕ ਫ਼ਿਰਕੇ, ਧਰਮ, ਸੰਸਥਾ ਜਾਂ ਸਾਧਨਾ ਸੰਬੰਧੀ ਸ਼ੁਭ ਬਚਨ ਹੀ ਦਰਜ ਨਹੀਂ ਹੋਏ, ਸਗੋਂ ਮਨੁੱਖਤਾ ਦੇ ਕਲਿਆਣ ਲਈ ਹਰ ਉਸ ਸਾਧਕ ਦੀ ਬਾਣੀ ਨੂੰ, ਬਿਨ੍ਹਾਂ ਮਜ਼੍ਹਬੋ-ਮਿਲਤ, ਸੰਪ੍ਰਦਾਇਕ ਵਿਥ-ਵਿਤਕਰੇ ਦੇ ਸਥਾਨ ਦਿੱਤਾ ਗਿਆ ਹੈ ਜੋ ਸੰਸਾਰਿਕਤਾ ਵਿਚ ਗ੍ਰਸੇ ਮਨੁੱਖ ਨੂੰ ਮੰਗਲਮਈ ਸੰਦੇਸ਼ ਦੇ ਕੇ ਪਰਮ-ਆਨੰਦ ਦੀ ਪ੍ਰਾਪਤੀ ਲਈ ਪ੍ਰੇਰਣਾ ਤੇ ਉਤਸ਼ਾਹ ਦੇ ਸਕੇ।[17] ਜੱਗੀ ਸਾਹਿਬ ਸਾਡੀ ਸਭ ਦੇ ਸਤਿਕਾਰ ਦੇ ਪਾਤਰ ਹਨ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਨ੍ਹਾਂ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

**ਹਵਾਲੇ ਤੇ ਟਿੱਪਣੀਆਂ :**


1. ਰਤਨ ਸਿੰਘ ਜੱਗੀ (ਡਾ.), **ਸਾਹਿਤ-ਸਾਧਨਾ ਦੀ ਆਤਮ ਕਥਾ**, ਪੰਨਾ 1.
2. **ਉਹੀ**, ਪੰਨੇ 137–38.
3. **ਉਹੀ**, ਪੰਨੇ 139–140.
4. ਰਤਨ ਸਿੰਘ ਜੱਗੀ, **ਅਮਲ ਜਿ ਕੀਤੇ ਦੁਨੀ ਵਿਚ**, ਗੁਰਰਤਨ ਪ੍ਰਕਾਸ਼ਨ, ਪਟਿਆਲਾ, 2005, ਪੰਨਾ 272.
5. **ਉਹੀ**, ਪੰਨਾ 103.
6. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1105.
7. **ਉਹੀ**।
8. **ਉਹੀ**, ਪੰਨਾ 13.
9. **ਸਾਹਿਤ-ਸਾਧਨਾ ਦੀ ਆਤਮ-ਕਥਾ**, ਪੰਨੇ 29–30–31.
10. **ਉਹੀ**, ਪੰਨਾ 16.
11. **ਉਹੀ**, ਪੰਨਾ 16.
12. **ਉਹੀ**, ਪੰਨਾ 73–74.
13. **ਉਹੀ**, ਪੰਨੇ 32–33.
14. **ਉਹੀ**, ਪੰਨਾ 33.
15. **ਉਹੀ**, ਪੰਨਾ 35.
16. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 755.
17. **ਸਾਹਿਤ-ਸਾਧਨਾ ਦੀ ਆਤਮ-ਕਥਾ**, ਪੰਨੇ 103–04.


◈